
# Government Rajindra College
## Bathinda




Prospectus

2023-24

ਪ੍ਰਾਸਪੈਕਟਸ

2023-24

Tel. : 0164-2211983
Website : www.grcb.ac.in
E-mail : gcbathinda@gmail.com



***His Highness***
***Maharaja Rajinder Singh***
***May 25, 1872-November 8, 1900***

## ***ਕਾਲਜ ਸ਼ਬਦ***

**ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥**
**ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰਿ ਅਪੁਨੀ ਜੀਤ ਕਰੋਂ ॥**
**ਅਰੁ ਸਿਖ ਹੌਂ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ ॥**
**ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ ॥੨੩੧॥**

**ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਚੰਡੀ ਚਰਿਤ੍ਰ)**

*The college is one of the oldest colleges of the Malwa region in Punjab and caters to the educational needs of the neighboring villages too. The college was established to create an urge for educational enrichment amongst the people of this region.*

## Vision

- *Providing an enriching educational and cultural environment.*
- *Meeting the institutional and individual needs with innovation, planning and foresight.*
- *Holistic personality development of the student.*
- *Acquainting and preparing the student for the changing nature of job market.*
- *Multi-faceted development including academic, social, cultural and sports.*

## Mission

- *The college ensures that different courses are according to the need of the hour. New courses are introduced to provide better employment options to the students.*
- *The government policy is strictly adhered to for reservation in admissions and scholarships.*
- *Students from science faculty fulfilling the requisite conditions apply/receive Inspire Scholarships.*
- *The college being affiliated to the Punjabi University, Patiala specifically endeavors for the promotion of Punjabi language.*
- *Besides this, the college goals are reflected through various programs such as NCC and NSS training, educational tours, sports activities, publication of the college magazine and cultural activities including theatre, fine arts and folk art.*
- *Departmental associations give impetus to the students' creativity by organizing different academic and cultural activities.*
- *Parental participation is encouraged through PTA.*
- *To maintain the competitive environment, the admissions are purely on merit basis.*

## College Motto

***Learning is not attained by chance;***
***It must be sought for with ardour and diligence.***

# ਸੰਦੇਸ਼



*ਪਿਆਰੇ ਵਿਦਿਆਰਥਿਓ,*

*ਇੱਕ ਸਿੱਖਿਅਕ ਦੇ ਤੌਰ ਤੇ ਮੇਰਾ ਇਹ ਵਿਸ਼ਵਾਸ ਹੈ ਅਤੇ ਨਾਲ ਹੀ ਕਰਤੱਵ ਵੀ ਬਣਦਾ ਹੈ ਕਿ ਮੈਂ ਆਉਣ ਵਾਲੀ ਪੀੜ੍ਹੀ ਨੂੰ ਸਤਿਕਾਰ, ਸਿਹਤ ਅਤੇ ਖੁਸ਼ਹਾਲੀ ਪ੍ਰਾਪਤ ਕਰਨ ਦੀ ਸੇਧ ਦੇ ਸਕਾਂ। ਇੱਕ ਪ੍ਰਿੰਸੀਪਲ ਦੇ ਤੌਰ ਤੇ ਮੈਂ ਅਤੇ ਮੇਰਾ ਸਟਾਫ, ਵਿਦਿਆਰਥੀਆਂ ਅਤੇ ਸਮਾਜ ਨੂੰ ਇਕੱਠੇ ਕੰਮ ਕਰਨ ਲਈ ਪ੍ਰੇਰਿਤ ਕਰਦੇ ਹੋਏ ਉਨ੍ਹਾਂ ਨੂੰ ਸਫ਼ਲ ਹੋਣ ਦੇ ਅਵਸਰ ਪ੍ਰਦਾਨ ਕਰਵਾ ਸਕਾਂ। ਅਸੀਂ ਸੇਵਾ ਲਈ ਸਮੱਰਪਿਤ ਇੱਕ ਟੀਮ ਵਜੋਂ ਕੰਮ ਕਰਦੇ ਹੋਏ ਵਿਦਿਆਰਥੀਆਂ ਲਈ ਅਜਿਹਾ ਮਾਹੌਲ ਸਿਰਜਣ ਲਈ ਯਤਨ ਕਰਦੇ ਹਾਂ ਜਿਸ ਦਾ ਉਦੇਸ਼ ਉਨ੍ਹਾਂ ਨੂੰ  ਸਿੱਖਿਆ, ਖੇਡਾਂ ਅਤੇ ਸੱਭਿਆਚਾਰ ਜਿਹੇ ਸਾਰੇ ਹੀ ਬਹੁਪੱਖੀ ਪਹਿਲੂਆਂ ਵਿੱਚ ਪ੍ਰਫੁੱਲਿਤ ਕਰਕੇ ਉਨ੍ਹਾਂ ਦੀ ਸ਼ਖਸੀਅਤ ਦਾ ਵਿਵਹਾਰਿਕ ਅਤੇ ਵਿਵਸਾਇਕ ਵਿਕਾਸ ਕਰਨਾ ਹੈ।*

*ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ ਇਸ ਖੇਤਰ ਦੀ ਇੱਕ ਉੱਘੀ ਅਤੇ ਸਥਾਪਿਤ ਸੰਸਥਾ ਹੈ ਜਿੱਥੇ ਕਿ ਅਕਾਦਮਿਕ ਮਿਆਰ ਨੂੰ ਕਾਇਮ ਰਖਦੇ ਹੋਏ ਅਨੁਸ਼ਾਸਨ ਅਤੇ ਆਚਰਣ ਨਾਲ ਜੁੜੇ ਰਹਿਕੇ ਸ਼ਾਨਦਾਰ ਨਤੀਜੇ ਪ੍ਰਾਪਤ ਕੀਤੇ ਜਾਂਦੇ ਹਨ। ਇਸ ਦੇ ਲਈ  ਕਾਲਜ ਵਿੱਚ ਸਮੇਂ ਦੀ ਚਾਲ ਨਾਲ ਚਲਦੇ ਹੋਏ, ਸਾਰੇ ਖੇਤਰਾਂ ਵਿੱਚ ਹਰ ਕਿਸਮ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਮੈਂ ਅਤੇ ਸਮੂਹ ਸਟਾਫ ਹਮੇਸ਼ਾ ਤੱਤਪਰ ਹਾਂ ਅਤੇ ਰਹਾਂਗੇ ਤਾਂ ਕਿ ਵਿਦਿਆਰਥੀਆਂ ਨੂੰ ਭਵਿੱਖ ਲਈ ਤਿਆਰ ਕਰਕੇ ਹਰ ਤਰ੍ਹਾਂ ਦੀ ਮੁਸ਼ਕਿਲ ਨਾਲ ਨਜਿੱਠਣ ਦੇ ਯੋਗ ਬਣਾਇਆ ਜਾ ਸਕੇ।*

*ਇਸ ਸੰਸਥਾ ਦੇ ਪ੍ਰਿੰਸੀਪਲ ਹੋਣ ਦੇ ਨਾਤੇ ਮੈਂ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਦੀ ਪੂਰੀ ਭਾਗੀਦਾਰੀ ਅਤੇ ਸਹਿਯੋਗ ਦੀ ਉਮੀਦ ਕਰਦਾ ਹਾਂ ਤਾਂ ਜੋ ਉਹਨਾਂ ਦੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣਾ ਸੰਭਵ ਹੋ ਸਕੇ ਅਤੇ ਜੇਕਰ ਕਿਸੇ ਕਿਸਮ ਦੀ ਵੀ ਸਹਾਇਤਾ ਲਈ, ਜਿਸ ਦੀ ਤੁਹਾਨੂੰ ਲੋੜ ਹੋ ਸਕਦੀ ਹੈ, ਭਾਵੇਂ ਉਹ ਨਿੱਜੀ ਹੋਵੇ ਜਾਂ ਪੇਸ਼ੇਵਰ, ਮੈਂ ਹਮੇਸ਼ਾ ਤੁਹਾਡੇ ਲਈ ਹਾਜ਼ਰ ਹਾਂ।*

*ਮੈਂ ਅਰਦਾਸ ਕਰਦਾ ਹਾਂ ਅਤੇ ਮੇਰੀ ਹਮੇਸ਼ਾ ਇਹ ਦਿਲੀ ਤਮੰਨਾ ਰਹੇਗੀ ਕਿ ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਕਰਨ ਉਪਰੰਤ ਵਿਦਿਆਰਥੀ ਹਰ ਪੱਖੋਂ ਕਾਬਿਲ ਹੋਣ ਤਾਂ ਕਿ ਭਵਿੱਖ ਦੀ ਦੁਨੀਆਂ ਦਾ ਸਾਹਮਣਾ ਕਰਦੇ ਹੋਏ ਉਹ ਨਵੀਆਂ ਮੱਲਾਂ ਮਾਰ ਸਕਣ।*

*ਸੁਭ ਇੱਛਾਵਾਂ ਸਹਿਤ,*

*ਡਾ. ਜਯੋਤਸਨਾ*

*ਪ੍ਰਿੰਸੀਪਲ.*

# ਅੰਤਿਕਾ


VISION ........ 2

MISSION ........ 2

COLLEGE MOTTO ........ 2

ਕਾਲਜ ਦਾ ਸੰਖੇਪ ਇਤਿਹਾਸ ........ 6

ਹਾਇਰ ਐਜੂਕੇਸ਼ਨ ਇੰਸਟੀਚਿਊਟ ਸੋਸਾਇਟੀ) HEIS) ........ 7

ਟੀਚਿੰਗ ਸਟਾਫ ........ 8

ਦਫਤਰੀ ਅਮਲਾ ........ 9

ਲੈਬ ਅਟੈਂਡੈਂਟ ........ 9

ਐਨ.ਸੀ.ਸੀ. ........ 9

ਐਨ.ਐਸ.ਐਸ. ........ 10

ਐਂਟੀ ਰੈਗਿੰਗ ਸੈੱਲ, ਸ਼ਿਕਾਇਤ ਨਿਵਾਰਨ, ਵਿਮੈਨ ਸਟੱਡੀ ਅਤੇ ਸੇਫਟੀ ਸੈੱਲ ........ 10

ਮਾਪਿਆਂ ਅਤੇ ਵਿਦਿਆਰਥੀਆਂ ਲਈ ਜ਼ਰੂਰੀ ਸੂਚਨਾ ........ 10

ਕਾਲਜ ਅਨੁਸਾਸ਼ਨ/ਚਿਤਾਵਨੀਆਂ/ਮਨਾਹੀ ........ 11

ਕਾਲਜ ਵਿੱਚ ਪੜ੍ਹਾਏ ਜਾਣ ਵਾਲੇ ਰੈਗੂਲਰ ਕੋਰਸ (ਸਮੈਸਟਰ ਸਿਸਟਮ) ........ 13

ਹਾਇਰ ਐਜੁਕੇਸ਼ਨ ਇੰਸਟੀਚਿਊਟ ਸੁਸਾਇਟੀ (HEIS) ਅਧੀਨ ਪੜ੍ਹਾਏ ਜਾਣ ਵਾਲੇ SELF-FINANCED ਕੋਰਸ (ਸਮੈਸਟਰ ਸਿਸਟਮ) ........ 15

ਵਿਸ਼ਿਆਂ ਅਤੇ ਸੀਟਾਂ ਸਬੰਧੀ ਜਾਣਕਾਰੀ ........ 17

ਦਾਖਲੇ ........ 19

ਰਾਖਵਾਂਕਰਨ ........ 19

ਦਾਖਲੇ ਸੰਬੰਧੀ ਜ਼ਰੂਰੀ ਹਦਾਇਤਾਂ ........ 21

ਦਾਖਲੇ ਸਮੇਂ ਜ਼ਰੂਰੀ ਦਸਤਾਵੇਜ਼ ........ 22

ਇੰਟਰਨਲ ਅਸੈਸਮੈਂਟ ਸੰਬੰਧੀ ਨਿਯਮ ........ 24

ਕਲਾਸਾਂ ਵਿੱਚ ਹਾਜ਼ਰੀਆਂ ਸੰਬੰਧੀ ਨਿਯਮ ........ 24

ਛੁੱਟੀ ਸੰਬੰਧੀ ਨਿਯਮ ........ 24

ਪੁਨਰ ਦਾਖਲਾ ........ 25

ਜੁਰਮਾਨੇ ਦੇ ਨਿਯਮ ........ 25

ਟਿਊਟੋਰੀਅਲ ਗਰੁੱਪ ........ 25

ਫੀਸਾਂ ਤੇ ਖਰਚਿਆਂ ਸੰਬੰਧੀ ਜਾਣਕਾਰੀ ........ 26

ਵਜੀਫੇ ........ 27

ਪੀ.ਟੀ.ਏ. (ਮਾਪੇ-ਅਧਿਆਪਕ ਐਸੋਸੀਏਸ਼ਨ) ........ 29

ਇਨਾਮ ........ 30

ਕਾਲਜ ਲਾਇਬਰੇਰੀ ........ 35

ਸ਼ਨਾਖਤੀ ਕਾਰਡ ........ 36

ਕਾਲਜ ਮੈਗਜ਼ੀਨ ........ 37

ਕਾਲਜ ਛੱਡਣ ਸੰਬੰਧੀ ਨਿਯਮ ........ 37

ਰਾਜਿੰਦਰਾ ਓਲਡ ਸਟੂਡੈਂਟਸ ਸੁਸਾਇਟੀ ........ 37

ਬੱਸ/ਰੇਲਵੇ ਪਾਸ ਸਬੰਧੀ ਨਿਯਮ ........ 37

ਕਾਲਜ ਵਿੱਚ ਉਪਲੱਬਧ ਸੁਵਿਧਾਵਾਂ ........ 39

# ਕਾਲਜ ਦਾ ਸੰਖੇਪ ਇਤਿਹਾਸ

ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ, ਪੰਜਾਬ ਦੇ ਦੱਖਣੀ ਮਾਲਵੇ ਦਾ ਪੁਰਾਣਾ ਤੇ ਪ੍ਰਸਿੱਧ ਵਿੱਦਿਅਕ ਅਦਾਰਾ ਹੈ ਅਤੇ ਇਸ ਦਾ ਉਲੇਖ ਐਨਸਾਈਕਲੋਪੀਡੀਆ ਬ੍ਰਿਟੇਨਿਕਾ ਦੀ ਜਿਲਦ ਤਿੰਨ, ਪੰਨਾ 564 ਤੇ ਕੀਤਾ ਗਿਆ ਹੈ। ਪਰਉਪਕਾਰੀ ਵਿੱਦਿਆ ਦਾ ਇਹ ਦੀਵਾ 1904 ਵਿੱਚ ਬਠਿੰਡਾ ਵਿਖੇ ਇੱਕ ਪ੍ਰਾਇਮਰੀ ਸਕੂਲ ਦੇ ਰੂਪ ਵਿੱਚ ਬਲਿਆ ਅਤੇ ਹੌਲੀ–ਹੌਲੀ ਇਸਦੇ ਚਾਨਣ ਦਾ ਘੇਰਾ ਵੱਡਾ ਹੁੰਦਾ ਗਿਆ। 1940 ਵਿੱਚ ਇਹ ਰਾਜਿੰਦਰਾ ਇੰਟਰਮੀਡੀਏਟ ਕਾਲਜ ਬਣ ਗਿਆ ਅਤੇ ਇਸ ਨੂੰ ਗੁਰੂ ਕਾਸ਼ੀ ਮਾਰਗ ਤੇ ਸਥਿਤ ਨਵੀ ਤੇ ਸੁੰਦਰ ਇਮਾਰਤ ਵਿੱਚ ਤਬਦੀਲ ਕੀਤਾ ਗਿਆ। 1950 ਵਿੱਚ ਬੀ. ਏ. ਅਤੇ 1955 ਵਿੱਚ ਬੀ.ਐਸ.ਸੀ. ਦੀਆਂ ਕਲਾਸਾਂ ਦੀ ਸੁਰੂਆਤ ਕੀਤੀ ਗਈ। 1968 ਵਿੱਚ ਬੀ. ਕਾਮ. ਦੀਆਂ ਕਲਾਸਾਂ ਸ਼ੁਰੂ ਹੋਈਆਂ।

ਇਹ ਧਰਤੀ ਜਿਹੜੀ ਕਦੇ ਟਿੱਬਿਆਂ ਨੇ ਮੱਲੀ ਹੋਈ ਸੀ, ਹੌਲੀ–ਹੌਲੀ ਖਿੜੀ ਹੋਈ ਇੱਕ ਰੋਚਕ ਫੁਲਵਾੜੀ ਬਣਦੀ ਜਾ ਰਹੀ ਹੈ, ਜਿੱਥੇ ਹੁਣ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨਾਂ ਦੇ ਵਿੱਦਿਅਕ, ਸਰੀਰਕ ਤੇ ਸਮਾਜਿਕ ਵਿਕਾਸ ਲਈ ਭਰਪੂਰ ਯਤਨ ਕੀਤੇ ਜਾਂਦੇ ਹਨ ਤਾਂ ਜੋ ਅਜ਼ਾਦ ਭਾਰਤ ਦੇ ਭਵਿੱਖ ਦੇ ਨਾਗਰਿਕ ਸਾਡੀ ਸੱਭਿਅਤਾ ਪ੍ਰਤੀ ਸੁਚੇਤ ਹੋ ਸਕਣ ਅਤੇ ਵਿੱਦਿਆ ਪ੍ਰਾਪਤੀ ਤੋਂ ਪਿਛੋਂ ਜਨ–ਸੇਵਾ ਅਤੇ ਦੇਸ਼ ਸੇਵਾ ਲਈ ਤਿਆਰ ਹੁੰਦੇ ਰਹਿਣ।

ਕਾਲਜ ਵਿੱਚ ਬੀ.ਏ., ਬੀ.ਐਸ.ਸੀ. (ਮੈਡੀਕਲ, ਨਾਨ—ਮੈਡੀਕਲ), ਬੀ. ਕਾਮ., ਬੀ. ਏ. ਆਨਰਜ਼ ਸਕੂਲ (ਅਰਥ ਸ਼ਾਸਤਰ) , ਐਮ.ਏ. , ਐਮ. ਐਸ. ਸੀ ਅਤੇ ਡਿਪਲੋਮਾ ਕੋਰਸਾਂ ਦੀ ਵਿਦਿਆ ਪ੍ਰਦਾਨ ਕੀਤੀ ਜਾ ਰਹੀ ਹੈ। ਬਠਿੰਡਾ ਅਤੇ ਦੱਖਣੀ ਮਾਲਵੇ ਦੀਆਂ ਅਜੋਕੀਆਂ ਵਿੱਦਿਅਕ ਘਾਟਾਂ ਨੂੰ ਪੂਰਾ ਕਰਨ ਲਈ ਨਵੇਂ ਕੋਰਸ਼ ਸ਼ੁਰੂ ਕੀਤੇ ਜਾ ਰਹੇ ਹਨ। ਕਾਲਜ ਦਾ ਇਹ 81 ਵਾਂ ਵਿੱਦਿਅਕ ਵਰ੍ਹਾ 21ਵੀਂ ਸਦੀ ਦੇ ਨਾਲ ਕਦਮ ਮਿਲਾਉਦੇ ਹੋਏ ਵਿਦਿਆਰਥੀਆਂ ਨੂੰ ਕਈ ਤਰਾਂ ਦੀਆਂ ਆਧੁਨਿਕ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ ਅਤੇ ਉਹਨਾਂ ਦੇ ਵਿੱਦਿਅਕ ਅਤੇ ਸਰਵਪੱਖੀ ਵਿਕਾਸ ਲਈ ਸਮਰਪਿਤ ਹੈ। ਸਾਲ 2016 ਵਿੱਚ NAAC ਵੱਲੋਂ ਇਸ ਕਾਲਜ ਨੂੰ 'ਬੀ ਪਲੱਸ' ਗਰੇਡ ਦਿੱਤਾ ਗਿਆ ਹੈ।

# ਹਾਇਰ ਐਜੂਕੇਸ਼ਨ ਇੰਸਟੀਚਿਊਟ ਸੋਸਾਇਟੀ (HEIS)

**ਮੈਂਬਰ ਸਕੱਤਰ**
**ਡਾ. ਮੱਖਣ ਸਿੰਘ (ਫਿਜਿਕਸ ਵਿਭਾਗ)**

**ਚੇਅਰਪਰਸਨ**
**ਡਾ. ਸੁਰਜੀਤ ਸਿੰਘ (ਪ੍ਰਿੰਸੀਪਲ)**

ਹਾਇਰ ਐਜੂਕੇਸ਼ਨ ਇੰਸਟੀਚਿਊਟ ਸੋਸਾਇਟੀ, ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ ਦੀ ਸਥਾਪਨਾ 22 ਦਸੰਬਰ 2005 ਨੂੰ 1860 ਦੇ ਸੁਸਾਇਟੀ ਰਜਿਸਟਰੇਸ਼ਨ ਐਕਟ 21 ਦੇ ਅਧੀਨ ਕੀਤੀ ਗਈ ਹੈ। ਇਸ ਦਾ ਮੁੱਖ ਉਦੇਸ਼ ਇਨਫਰਮੇਸ਼ਨ ਤੇ ਕੰਮਿਊਨੀਕੇਂਸ਼ ਟੈਕਨਾਲੋਜੀ ਅਤੇ ਸਬੰਧਤ ਖੇਤਰ ਦੇ ਵਿਸ਼ਿਆ ਦੀ ਜਾਣਕਾਰੀ ਪ੍ਰਦਾਨ ਕਰਕੇ ਵਿਦਿਆਰਥੀਆਂ ਨੂੰ ਟੈਕਨੀਕਲ ਖੇਤਰ ਵਿੱਚ ਮਾਹਿਰ ਕਰਨਾ ਹੈ। ਇਹ ਸੁਸਾਇਟੀ Self-Financed Scheme ਅਧੀਨ ਬੀ.ਸੀ.ਏ., ਬੀ.ਬੀ.ਏ., ਬੀ. ਕਾਮ. (ਆਨਰਜ਼), ਬੀ.ਐਸ.ਸੀ. (ਆਰਟੀਫਿਸ਼ਲ ਇੰਟੈਲੀਜੈਂਸ), ਐਮ. ਏ. (ਹਿਸਟਰੀ, ਫਿਲਾਸਫੀ), ਐਮ. ਐਸ. ਸੀ. (ਫਿਜਿਕਸ, ਮੈਥਸ), Diploma in Food Production, Diploma in Services & Beverages ਅਤੇ Diploma in Hardware & Networking ਦੇ ਕੋਰਸ ਚਲਾ ਰਹੀ ਹੈ।

# ਟੀਚਿੰਗ ਸਟਾਫ

## *ਅੰਗਰੇਜ਼ੀ ਵਿਭਾਗ*

1. ਡਾ. ਰੈਨੀ* (ਪੀ.ਐਚ.ਡੀ)
2. ....... ਖਾਲੀ......
3. ....... ਖਾਲੀ......
4. ....... ਖਾਲੀ......
5. ....... ਖਾਲੀ......

6........ ਖਾਲੀ......
7......... ਖਾਲੀ......
8......... ਖਾਲੀ......
9......... ਖਾਲੀ......

## *ਪੰਜਾਬੀ ਵਿਭਾਗ*

1. ਡਾ.ਬਲਜਿੰਦਰ ਕੌਰ (ਪੀ.ਐਚ.ਡੀ)
2. ਡਾ. ਗੁਰਜੀਤ ਸਿੰਘ ਮਾਨਸ਼ਾਹੀਆ** (ਪੀ.ਐਚ.ਡੀ)
3. ਪ੍ਰੋ. ਹਰਜੀਤ ਕੌਰ** (ਐਮ. ਏ., ਐਮ. ਫਿਲ.)
4. ........ ਖਾਲੀ ......
5. ........ ਖਾਲੀ ......
6. ........ ਖਾਲੀ ......
7. ........ ਖਾਲੀ ......
8. ........ ਖਾਲੀ ......
9. ......... ਖਾਲੀ......
10. ......... ਖਾਲੀ......

## *ਹਿੰਦੀ ਵਿਭਾਗ*

1. ........ ਖਾਲੀ ......

## *ਸੰਸਕ੍ਰਿਤ ਵਿਭਾਗ*

1. ........ ਖਾਲੀ......

## *ਰਾਜਨੀਤੀ ਸ਼ਾਸਤਰ*

1. ਪ੍ਰੋ. ਬਲਵੀਰ ਕੌਰ** (ਐਮ.ਏ.,ਐਮ.ਫਿਲ.)
3. ......... ਖਾਲੀ......
4. ....... ਖਾਲੀ......

2. ........ ਖਾਲੀ......
5. ........ ਖਾਲੀ......
6. ....... ਖਾਲੀ......

## ਹਿਸਟਰੀ ਵਿਭਾਗ

1. .......... ਖਾਲੀ......
2. ......... ਖਾਲੀ......
3. .......... ਖਾਲੀ......

## ਅਰਥ ਸ਼ਾਸਤਰ

1. ਪ੍ਰੋ. ਗੁਰਸ਼ਰਨ ਕੌਰ** (ਐਮ.ਏ., ਐਮ.ਫਿਲ.)
2. ......... ਖਾਲੀ......
3. ......... ਖਾਲੀ......
4. ......... ਖਾਲੀ......
5. ......... ਖਾਲੀ......

## ਭੂਗੋਲ ਵਿਭਾਗ

1. ......... ਖਾਲੀ......
2. .......... ਖਾਲੀ......
3. .......... ਖਾਲੀ......

## ਗਣਿਤ ਵਿਭਾਗ

1. ........... ਖਾਲੀ......
2. ........... ਖਾਲੀ......
3. ........... ਖਾਲੀ......
4. ........... ਖਾਲੀ......
5. ........... ਖਾਲੀ......

## ਸਰੀਰਕ ਸਿੱਖਿਆ ਵਿਭਾਗ

1. ਪ੍ਰੋ. ਜਗਜੀਵਨ ਕੌਰ (ਐਮ. ਏ.,ਐਮ.ਫਿਲ.)
2. ........... ਖਾਲੀ......

## ਫਿਲਾਸਫ਼ੀ ਵਿਭਾਗ

1. ........... ਖਾਲੀ.......
2. ....... ਖਾਲੀ.....

## ਸੰਗੀਤ ਵਿਭਾਗ (ਸਾਜ਼)

1. .......... ਖਾਲੀ......

## ਸੰਗੀਤ (ਵੋਕਲ)

1. ਡਾ. ਮਨੋਨੀਤ ਕੌਰ (ਪੀ.ਐਚ.ਡੀ)

## ਮਨੋਵਿਗਿਆਨ ਵਿਭਾਗ

1. ਡਾ. ਸਿਮਰਨਜੀਤ ਕੌਰ (ਪੀ.ਐਚ.ਡੀ)
2. ਡਾ. ਸੀਮਾ ਗੁਪਤਾ** (ਪੀ.ਐਚ.ਡੀ)

## ਰਸਾਇਣ ਵਿਗਿਆਨ ਵਿਭਾਗ

1. ........... ਖਾਲੀ.....
2. .......... ਖਾਲੀ.....
3. .......... ਖਾਲੀ.....
4. .......... ਖਾਲੀ....

## ਫਿਜ਼ਿਕਸ ਵਿਭਾਗ

1. ਡਾ. ਹਰਜਿੰਦਰ ਸਿੰਘ (ਪੀ.ਐਚ.ਡੀ)
2. ਪ੍ਰੋ. ਗੁਰਪ੍ਰੀਤ ਕੌਰ ਸਿੱਧੂ** (ਐਮ.ਐਸ.ਸੀ.,ਨੈੱਟ)
3. ......... ਖਾਲੀ......
4. .......... ਖਾਲੀ.....
5. .......... ਖਾਲੀ.....

## ਬਨਸਪਤੀ ਵਿਭਾਗ

1. ਪ੍ਰੋ. ਗੁਰਜੀਤ ਕੌਰ (ਐਮ.ਐਸ.ਸੀ.,ਐਮ.ਫਿਲ.)
2. .......... ਖਾਲੀ .....
3. .......... ਖਾਲੀ ....

## ਜ਼ੁਆਲੋਜੀ ਵਿਭਾਗ

1. ........... ਖਾਲੀ .....
2. ......... ਖਾਲੀ.....
3. .......... ਖਾਲੀ ....

## ਕਾਮਰਸ ਵਿਭਾਗ

1. ਪ੍ਰੋ. ਸੁਲਤਾਨ ਸਿੰਘ (ਐਮ.ਕਾਮ.)
2. .......... ਖਾਲੀ .....
3. .......... ਖਾਲੀ .....
4. .......... ਖਾਲੀ .....
5. .......... ਖਾਲੀ.....
6. .......... ਖਾਲੀ.....

## *ਕੰਪਿਊਟਰ ਸਾਇੰਸ ਵਿਭਾਗ)*

1. ਪ੍ਰੋ. ਬਲਜਿੰਦਰ ਸਿੰਘ* (ਐਮ.ਐਸ.ਸੀ.ਐਮ.ਫਿਲ.)
2. ......... ਖਾਲੀ.....

## *ਵਾਤਾਵਰਣ ਵਿਭਾਗ*

1. ......... ਖਾਲੀ.....

* ਇਹ ਅਧਿਆਪਕ ਖਾਲੀ ਪੋਸਟਾਂ ਉੱਪਰ ਕੰਟਰੈਕਟ ਤੇ ਕੰਮ ਕਰਦੇ ਹਨ।

** ਇਹ ਅਧਿਆਪਕ ਖਾਲੀ ਪੋਸਟਾਂ ਉੱਪਰ ਬਤੌਰ ਪਾਰਟ ਟਾਈਮ ਕੰਮ ਕਰਦੇ ਹਨ।

ਨੋਟ- ਖਾਲੀ ਪੋਸਟਾਂ ਉੱਪਰ ਇਸ ਸਮੇਂ ਅਧਿਆਪਕ ਗੈਂਸਟ ਫਕੈਲਟੀ ਦੇ ਤੌਰ ਤੇ ਕੰਮ ਕਰ ਰਹੇ ਹਨ।

# ਦਫਤਰੀ ਅਮਲਾ

| | |
|---|---|
| 1. ........... | ਸੁਪਰਡੈਂਟ |
| 2. ਸ੍ਰੀ ਵਿਜੈ ਕੁਮਾਰ | ਜੂਨੀਅਰ ਸਹਾਇਕ |
| 3. ਸ੍ਰੀ ਆਨੰਦ ਜੈਨ | ਜੂਨੀਅਰ ਸਹਾਇਕ |
| 4. ਸ੍ਰੀਮਤੀ ਅਮਨਦੀਪ ਕੌਰ | ਜੂਨੀਅਰ ਸਹਾਇਕ |
| 5. ਸ੍ਰੀ ਕੰਵਲਪ੍ਰੀਤ ਸਿੰਘ | ਕਲਰਕ |
| 6. ਸ੍ਰੀਮਤੀ ਵੀਰਇੰਦਰ ਕੌਰ | ਕਲਰਕ |
| 7. ਸ੍ਰੀਮਤੀ ਲਖਵੀਰ ਕੌਰ | ਸਟੈਨੋ |
| 8. ਸ੍ਰੀਮਤੀ ਕਰਮਜੀਤ ਕੌਰ | ਕਲਰਕ |

# ਲੈਬ ਅਟੈਂਡੈਂਟ

1. ਸ੍ਰੀ ਹਰੀ ਸਿੰਘ (ਸੀਨੀਅਰ ਲੈਬ ਅਟੈਂਡੈਂਟ)
2. ਸ੍ਰੀਮਤੀ ਜਸਪਾਲ ਕੌਰ(ਸੀਨੀਅਰ ਲੈਬ ਅਟੈਂਡੈਂਟ)

# ਐਨ.ਸੀ.ਸੀ.

ਐਨ. ਸੀ. ਸੀ. ਦਾ ਉਦੇਸ਼ ਚਰਿੱਤਰ, ਲੀਡਰਸ਼ਿਪ, ਅਨੁਸ਼ਾਸਨ, ਧਰਮ ਨਿਰਪੱਖ ਨਜ਼ਰੀਏ, ਰੁਮਾਂਚ ਦੀ ਭਾਵਨਾ ਅਤੇ ਨੌਜਵਾਨਾਂ ਵਿੱਚ ਨਿਰਸਵਾਰਥ ਸੇਵਾ ਦੇ ਆਦਰਸ਼ਾਂ ਦਾ ਵਿਕਾਸ ਕਰਨਾ ਹੈ। ਇਸ ਤੋਂ ਇਲਾਵਾ, ਇਸਦਾ ਉਦੇਸ਼ ਅਜਿਹੇ ਨੌਜਵਾਨ ਤਿਆਰ ਕਰਨਾ ਹੈ ਜੋ ਕਿ ਜੀਵਨ ਦੇ ਹਰ ਖੇਤਰ ਵਿੱਚ ਸਰਵਪੱਖੀ ਗੁਣਾਂ ਵਾਲੇ ਅਤੇ

ਰਾਸ਼ਟਰ ਪ੍ਰਤੀ ਭਾਵਨਾ ਸੇਵਾ ਰੱਖਣ ਭਾਵੇਂ ਉਹ ਕਿਸੇ ਵੀ ਪੇਸ਼ੇ ਦੀ ਚੋਣ ਕਰਣ। ਐਨ ਸੀ ਸੀ ਨੌਜਵਾਨਾਂ ਨੂੰ ਹਥਿਆਰਬੰਦ ਸੈਨਾ ਵਿਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਨ ਲਈ ਢੁਕਵਾਂ ਵਾਤਾਵਰਣ ਪ੍ਰਦਾਨ ਕਰਦੀ ਹੈ। ਐਨ .ਸੀ .ਸੀ .ਲੈਣ ਦੇ ਚਾਹਵਾਨ ਵਿਦਿਆਰਥੀ ਐਨ .ਸੀ .ਸੀ/ਕਾਲਜ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ।

## ਐਨ.ਐਸ.ਐਸ.

ਐਨ.ਐਸ.ਐਸ. ਦਾ ਆਦਰਸ਼ "ਮੈਂ ਨਹੀ ਤੁਸੀਂ " ਦੀ ਭਾਵਨਾ ਨੂੰ ਦਰਸਾਉਂਦੇ ਹੋਏ ਵਿਦਿਆਰਥੀਆਂ ਦੇ ਵਿਕਾਸ ਕੋਣ ਦੀ ਕਦਰ ਕਰਨ ਵਿਚ ਸਹਾਇਤਾ ਕਰਦਾ ਹੈ । ਐਨਐਸਐਸ ਦਾ ਫ਼ਲਸਫ਼ਾ ਇਸ ਆਦਰਸ਼ ਤੇ ਜ਼ੋਰ ਦਿੰਦਾ ਹੈ ਕਿ ਇਕ ਵਿਅਕਤੀ ਦੀ ਭਲਾਈ ਸਮੁੱਚੇ ਤੌਰ' ਤੇ ਸਮਾਜ ਦੀ ਭਲਾਈ 'ਤੇ ਨਿਰਭਰ ਕਰਦੀ ਹੈ। ਇਸ ਲਈ, ਐਨਐਸਐਸ ਵਾਲੰਟੀਅਰ ਹਮੇਸ਼ਾ ਸਮਾਜ ਦੀ ਭਲਾਈ ਲਈ ਯਤਨਸ਼ੀਲ ਰਹਿਦੇਂ ਹਨ।
ਐਨ.ਐਸ.ਐਸ. ਲੈਣ ਦੇ ਚਾਹਵਾਨ ਵਿਦਿਆਰਥੀ ਐਨ.ਐਸ.ਐਸ./ਕਾਲਜ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ।

## ਐਂਟੀ ਰੈਗਿੰਗ ਸੈੱਲ, ਸ਼ਿਕਾਇਤ ਨਿਵਾਰਨ, ਵਿਮੈਨ ਸਟੱਡੀ ਅਤੇ ਸੇਫਟੀ ਸੈੱਲ

*ਪ੍ਰੋ. ਜਗਜੀਵਨ ਕੌਰ* (***ਸਰੀਰਕ ਸਿੱਖਿਆ ਵਿਭਾਗ***)

ਪ੍ਰੋ. ਗੁਰਜੀਤ ਕੌਰ (ਬਾਟਨੀ ਵਿਭਾਗ)

ਡਾ. ਹਰਜਿੰਦਰ ਸਿੰਘ ਮਾਨ (ਫਿਜਿਕਸ ਵਿਭਾਗ)

ਪ੍ਰੋ. ਰੈਣੀ

ਪ੍ਰੋ. ਰਾਜਪਾਲ ਕੌਰ

## ਮਾਪਿਆਂ ਅਤੇ ਵਿਦਿਆਰਥੀਆਂ ਲਈ ਜ਼ਰੂਰੀ ਸੂਚਨਾ

- ਵਿਦਿਆਰਥੀਆਂ ਨੂੰ ਕਾਲਜ ਸਬੰਧੀ ਕੋਈ ਵੀ ਸੂਚਨਾ ਕਾਲਜ ਨੋਟਿਸ ਬੋਰਡ ਅਤੇ ਕਾਲਜ ਵੈੱਬਸਾਈਟ www.grcb.ac.in ਰਾਹੀ ਉਪਲਬਧ ਕਰਵਾਈ ਜਾਵੇਗੀ।
- ਲੈਕਚਰ ਸ਼ਾਰਟੇਜ਼ ਜਾਂ ਹੋਰ ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਮਾਪਿਆਂ/ਸਰਪ੍ਰਸਤਾਂ ਨੂੰ ਬੇਨਤੀ ਹੈ ਕਿ ਕਾਲਜ ਦਫਤਰ ਨਾਲ ਸੰਪਰਕ ਕਰਨ।
- ਵਿਦਿਆਰਥੀ ਰੋਜ਼ਾਨਾ(Daily) ਨੋਟਿਸ ਬੋਰਡ/ਕਾਲਜ ਵੈੱਬਸਾਈਟ www.grcb.ac.in ਪੜ੍ਹਨਾ ਯਕੀਨੀ ਬਣਾਉਣ ।

- ਮਾਪੇ ਕਾਲਜ ਵਿੱਚ ਪੜ੍ਹ ਰਹੇ ਆਪਣੇ ਬੱਚਿਆਂ ਪ੍ਰਤੀ ਜਾਣਕਾਰੀ ਪ੍ਰਾਪਤ ਕਰਨ ਹਿੱਤ ਅਧਿਆਪਕਾਂ ਨਾਲ ਸੰਪਰਕ ਕਾਇਮ ਰੱਖਣ।

## ਕਾਲਜ ਅਨੁਸਾਸ਼ਨ/ਚਿਤਾਵਨੀਆਂ/ਮਨਾਹੀ

ਕਾਲਜ ਵਿੱਚ ਦਾਖਲਾ ਲੈਣ ਵਾਲੇ ਹਰ ਵਿਦਿਆਰਥੀ ਪਾਸੋ ਕਾਲਜ ਦੇ ਨਿਯਮਾਂ ਦਾ ਪਾਲਣਾ ਕਰਨਾ, ਚੰਗੇ ਆਚਰਣ, ਸੁਚੱਜੇ ਵਿਵਹਾਰ ਅਤੇ ਅਨੁਸ਼ਾਸਨ ਦੀ ਆਸ ਕੀਤੀ ਜਾਂਦੀ ਹੈ। ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ, ਪ੍ਰਿੰਸੀਪਲ ਨੂੰ ਅਨੁਸਾਸ਼ਨੀ ਕਾਰਵਾਈ ਕਰਨ ਦਾ ਪੂਰਾ ਅਧਿਕਾਰ ਹੈ।

1. ਕਰੋਨਾ ਮਹਾਂਮਾਰੀ ਦੇ ਚਲਦੇ ਕਾਲਜ ਆਉਣ ਸਮੇਂ ਪੰਜਾਬ ਸਰਕਾਰ/ਸਿਹਤ ਵਿਭਾਗ ਵੱਲੋ ਸਮੇਂ-ਸਮੇਂ ਸਿਰ ਜਾਰੀ ਕੋਵਿਡ-19 ਦੀਆਂ ਹਦਾਇਤਾਂ ਦੀ ਇੰਨ-ਬਿਨ ਪਾਲਨਾ ਕਰਨੀ ਯਕੀਨੀ ਬਣਾਈ ਜਾਵੇ।
2. ਕਾਲਜ ਕੈਂਪਸ ਵਿੱਚ ਸਿਗਰੇਟ, ਤੰਬਾਕੂ ਜਾਂ ਸ਼ਰਾਬ ਪੀਣ ਜਾਂ ਕਿਸੇ ਹੋਰ ਨਸ਼ੇ ਦੀ ਵਰਤੋਂ ਕਰਨ ਦੀ ਸਖਤ ਮਨਾਹੀ ਹੈ।
3. ਪ੍ਰਿੰਸੀਪਲ ਦੀ ਅਗੇਤੀ ਆਗਿਆ ਪ੍ਰਾਪਤ ਕੀਤੇ ਬਿਨਾਂ ਕਾਲਜ ਵਿੱਚ ਕਿਸੇ ਵੀ ਸੰਗਠਨ ਵੱਲੋਂ ਪੋਸਟਰ ਲਗਾਉਣਾ ਜਾਂ ਕੋਈ ਵੀ ਮੀਟਿੰਗ ਕਰਨਾ ਸਖਤ ਮਨ੍ਹਾਂ ਹੈ। ਅਜਿਹਾ ਕਰਨ ਵਾਲੇ ਵਿਰੁੱਧ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ।
4. ਪੰਜਾਬ ਸਰਕਾਰ ਵੱਲੋਂ ਕਾਲਜ ਵਿੱਚ ਕਿਸੇ ਵੀ ਤਰ੍ਹਾਂ ਦੀ ਵਿਦਿਆਰਥੀਆਂ ਦੀ ਯੂਨੀਅਨ ਬਣਾਉਣ ਦੀ ਸਖਤ ਮਨਾਹੀ ਹੈ।
5. ਸਾਈਕਲ, ਸਕੂਟਰ ਤੇ ਮੋਟਰ–ਸਾਈਕਲ ਨਿਸ਼ਚਿਤ ਕੀਤੀਆਂ ਥਾਵਾਂ ਉੱਤੇ ਹੀ ਖੜ੍ਹੇ ਕੀਤੇ ਜਾਣ। ਵਿਦਿਆਰਥੀਆਂ ਦਾ ਕਾਲਜ ਵਿੱਚ ਕਾਰ ਲੈਕੇ ਆਉਣਾ ਮਨ੍ਹਾਂ ਹੈ।
6. ਕਲਾਸ ਰੂਮਜ਼, ਕਲਾਸਾਂ ਦੇ ਆਸ—ਪਾਸ ਅਤੇ ਕਾਲਜ ਵਰਾਂਡਿਆਂ ਵਿਚ ਮੋਬਾਇਲ ਫੋਨ ਦੀ ਵਰਤੋਂ ਦੀ ਸਖਤ ਮਨਾਹੀ ਹੈ।
7. ਕਾਲਜ ਵਿੱਚ ਰੈਗਿੰਗ ਦੀ ਸਖਤ ਮਨਾਹੀ ਹੈ। ਰੈਗਿੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ ਸਖਤ ਕਾਨੂੰਨੀ ਅਤੇ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ ਅਤੇ ਨਾਲ ਹੀ ਉਸ ਦਾ ਕਾਲਜ ਵਿੱਚੋਂ ਨਾਮ ਕੱਟ (Rusticate) ਦਿੱਤਾ ਜਾਵੇਗਾ।
8. ਬਾਹਰਲੇ ਵਿਦਿਆਰਥੀਆਂ ਜਾਂ ਵਿਅਕਤੀਆਂ ਨੂੰ ਕਾਲਜ ਵਿੱਚ ਨਾਲ ਲੈਕੇ ਆਉਣਾ ਸਖਤ ਮਨ੍ਹਾਂ ਹੈ।

9. ਕਾਲਜ ਸਮੇਂ ਦੌਰਾਨ ਵਿਦਿਆਰਥੀਆਂ ਕੋਲ ਉਹਨਾਂ ਦਾ ਕਾਲਜ ਵੱਲੋ ਜਾਰੀ ਕੀਤਾ ਸ਼ਨਾਖਤੀ ਕਾਰਡ ਹਰ ਸਮੇਂ ਹੋਣਾ ਜਰੂਰੀ ਹੈ।

10. ਕਾਲਜ–ਕੈਂਪਸ, ਖੇਡ ਮੈਦਾਨਾਂ ਦੀ ਸਾਭ-ਸੰਭਾਲ ਅਤੇ ਸਫਾਈ ਦਾ ਖਾਸ ਧਿਆਨ ਰੱਖਣਾ ਅਤੇ ਕਾਲਜ ਦੀ ਸੰਪਤੀ ਸੰਭਾਲ ਹਰ ਵਿਦਿਆਰਥੀ ਦਾ ਫਰਜ਼ ਹੈ।

11. ਵਿਦਿਆਰਥੀਆਂ ਵੱਲੋ ਕਾਲਜ ਵਿੱਚ ਲੈ ਕੇ ਆਏ ਜਾਣ ਵਾਲੇ ਸਕੂਟਰ/ਮੋਟਰ ਸਾਈਕਲ ਦਾ ਪੂਰਾ ਬੀਮਾ ਹੋਣਾ ਜਰੂਰੀ ਹੈ।

## ਕਾਲਜ ਵਿੱਚ ਪੜ੍ਹਾਏ ਜਾਣ ਵਾਲੇ ਰੈਗੂਲਰ ਕੋਰਸ (ਸਮੈਸਟਰ ਸਿਸਟਮ)

| | ਕੋਰਸ ਦਾ ਨਾਮ | ਯੋਗਤਾ | ਸੀਟਾਂ ਦੀ ਗਿਣਤੀ |
|---|---|---|---|
| 1. | ਐਮ. ਏ. (ਰਾਜਨੀਤੀ ਸ਼ਾਸਤਰ) (ਦੋ ਸਾਲਾ ਕੋਰਸ) | ਬੀ.ਏ. ਵਿੱਚੋਂ 50% ਅਤੇ ਸਬੰਧਤ ਵਿਸ਼ੇ ਵਿਚੋਂ ਘੱਟ ਤੋ ਘੱਟ 50 % ਨੰਬਰ ਪ੍ਰਾਪਤ ਕੀਤੇ ਹੋਣ। | 40 |
| 2. | ਬੀ. ਏ.ਆਨਰਜ਼ ਸਕੂਲ ਇਨ ਇਕਨਾਮਿਕਸ (ਤਿੰਨ ਸਾਲਾ ਕੋਰਸ) | ਬੀ.ਏ.(ਆਨਰਜ ਸਕੂਲ ਇਕਨਾਮਿਕਸ) ਭਾਗ -1 ਦੇ ਦੋਨਾਂ ਸਮੈਸਟਰਾਂ ਦੇ ਕੁੱਲ ਵਿਸ਼ਿਆਂ ਵਿੱਚੋਂ ਘੱਟ ਤੋ ਘੱਟ 50 % ਪੇਪਰ ਪਾਸ ਕੀਤੇ ਹੋਣ। | 40 |
| 3. | ਬੀ.ਐਸ ਸੀ. (ਮੈਡੀਕਲ) (ਤਿੰਨ ਸਾਲਾ ਕੋਰਸ) | +2 (ਮੈਡੀਕਲ) ਜਾਂ ਇਸਦੇ ਬਰਾਬਰ ਦਾ ਮਾਨਤਾ ਪ੍ਰਾਪਤ ਕੋਈ ਹੋਰ ਇਮਤਿਹਾਨ ਸਾਇੰਸ ਦੇ ਵਿਸ਼ਿਆਂ ਨਾਲ ਪਾਸ ਕੀਤਾ ਹੋਵੇ। | 80 |
| 4. | ਬੀ.ਐਸ ਸੀ. (ਨਾਨ—ਮੈਡੀਕਲ) (ਤਿੰਨ ਸਾਲਾ ਕੋਰਸ) | +2 (ਨਾਨ—ਮੈਡੀਕਲ) ਜਾਂ ਇਸਦੇ ਬਰਾਬਰ ਦਾ ਮਾਨਤਾ ਪ੍ਰਾਪਤ ਕੋਈ ਹੋਰ ਇਮਤਿਹਾਨ ਸਾਇੰਸ ਦੇ ਵਿਸ਼ਿਆਂ ਨਾਲ ਪਾਸ ਕੀਤਾ ਹੋਵੇ। | 100 |
| 5. | ਬੀ.ਐਸ ਸੀ. (ਨਾਨ—ਮੈਡੀਕਲ ਕੰਪਿਊਟਰ) (ਤਿੰਨ ਸਾਲਾ ਕੋਰਸ) | +2 (ਨਾਨ—ਮੈਡੀਕਲ) ਜਾਂ ਇਸਦੇ ਬਰਾਬਰ ਦਾ ਮਾਨਤਾ ਪ੍ਰਾਪਤ ਕੋਈ ਹੋਰ ਇਮਤਿਹਾਨ ਸਾਇੰਸ ਦੇ ਵਿਸ਼ਿਆਂ ਨਾਲ ਪਾਸ ਕੀਤਾ ਹੋਵੇ। | 40 |

## ਕਾਲਜ ਵਿੱਚ ਪੜ੍ਹਾਏ ਜਾਣ ਵਾਲੇ ਰੈਗੂਲਰ ਕੋਰਸ (ਸਮੈਸਟਰ ਸਿਸਟਮ)

| | | | |
|---|---|---|---|
| 6. | ਬੀ.ਕਾਮ. (ਤਿੰਨ ਸਾਲਾ ਕੋਰਸ) | +2 ਕਾਮਰਸ ਵਿੱਚੋਂ ਘੱਟੋ ਘੱਟ 40% ਨੰਬਰ ਜਾਂ +2 ਆਰਟਸ ਅਰਥ ਸ਼ਾਸ਼ਤਰ ਅਤੇ ਮੈਥਸ ਨਾਲ ਘੱਟੋ ਘੱਟ 45% ਅਤੇ ਬਾਕੀ ਸਾਰੇ ਵਿਸ਼ਿਆਂ ਵਿੱਚੋਂ 50% ਨੰਬਰ ਲੈਕੇ ਪਾਸ ਕੀਤੀ ਹੋਵੇ। ਦਾਖਲੇ ਲਈ ਮੈਰਿਟ ਵੀ ਇਸੇ ਅਧਾਰ ਤੇ ਬਣਾਈ ਜਾਵੇਗੀ। | 120 |
| 7. | ਬੀ.ਏ. (ਤਿੰਨ ਸਾਲਾ ਕੋਰਸ) | +2 ਜਾਂ ਇਸਦੇ ਬਰਾਬਰ ਦੀ ਮਾਨਤਾ ਪ੍ਰਾਪਤ ਕੋਈ ਹੋਰ ਇਮਤਿਹਾਨ ਪਾਸ ਕੀਤਾ ਹੋਵੇ। | 850 |

# ਹਾਇਰ ਐਜੁਕੇਸ਼ਨ ਇੰਸਟੀਚਿਊਟ ਸੁਸਾਇਟੀ (HEIS) ਅਧੀਨ ਪੜ੍ਹਾਏ ਜਾਣ ਵਾਲੇ Self-Financed ਕੋਰਸ (ਸਮੈਸਟਰ ਸਿਸਟਮ)

| | ਕੋਰਸ ਦਾ ਨਾਮ | ਯੋਗਤਾ | ਸੀਟਾਂ ਦੀ ਗਿਣਤੀ |
|---|---|---|---|
| 1. | ਬੀ.ਸੀ.ਏ. (ਤਿੰਨ ਸਾਲਾ ਕੋਰਸ) | +2 ਜਾਂ ਇਸਦੇ ਬਰਾਬਰ ਦੀ ਮਾਨਤਾ ਪ੍ਰਾਪਤ ਕੋਈ ਹੋਰ ਇਮਤਿਹਾਨ ਪਾਸ ਕੀਤਾ ਹੋਵੇ। | 100 |
| 2. | ਬੀ.ਬੀ.ਏ. (ਤਿੰਨ ਸਾਲਾ ਕੋਰਸ) | +2 ਜਾਂ ਇਸਦੇ ਬਰਾਬਰ ਦੀ ਮਾਨਤਾ ਪ੍ਰਾਪਤ ਕੋਈ ਹੋਰ ਇਮਤਿਹਾਨ ਪਾਸ ਕੀਤਾ ਹੋਵੇ। | 50 |
| 3. | ਬੀ.ਕਾਮ.(ਆਨਰਜ਼) (ਤਿੰਨ ਸਾਲਾ ਕੋਰਸ) | +2 ਕਾਮਰਸ ਵਿੱਚੋਂ ਘੱਟੋ ਘੱਟ 40% ਨੰਬਰ ਜਾਂ +2 ਆਰਟਸ ਅਰਥ ਸ਼ਾਸ਼ਤਰ ਅਤੇ ਮੈਥਸ ਨਾਲ ਘੱਟੋ ਘੱਟ 45% ਅਤੇ ਬਾਕੀ ਸਾਰੇ ਵਿਸ਼ਿਆਂ ਵਿੱਚੋਂ 50% ਨੰਬਰ ਲੈਕੇ ਪਾਸ ਕੀਤੀ ਹੋਵੇ। ਦਾਖਲੇ ਲਈ ਮੈਰਿਟ ਵੀ ਇਸੇ ਅਧਾਰ ਤੇ ਬਣਾਈ ਜਾਵੇਗੀ। | 60 |
| 4. | ਬੀ. ਐਸ. ਸੀ (ਆਨਰਜ਼) ਆਰਟੀਫਿਸ਼ਲ ਇੰਨਟੇਲੀਜੇਨਸ (ਤਿੰਨ ਸਾਲਾ ਕੋਰਸ) | +2 ਮੈਥ ਵਿਸ਼ੇ ਨਾਲ ਪਾਸ ਕੀਤੀ ਹੋਵੇ। | 50 |
| 5. | ਐਮ. ਏ. (ਫਿਲਾਸਫੀ) (ਦੋ ਸਾਲਾ ਕੋਰਸ) | ਬੀ.ਏ./ਬੀ ਐਸ.ਸੀ.ਆਦਿ ਕਿਸੇ ਵੀ ਗਰੈਜੂਏਸ਼ਨ ਵਿਚੋ 45% ਪ੍ਰਾਪਤ ਕੀਤੇ ਹੋਣ। | 30 |

# ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ (HEIS) ਅਧੀਨ ਪੜ੍ਹਾਏ ਜਾਣ ਵਾਲੇ Self-Financed ਕੋਰਸ (ਸਮੈਸਟਰ ਸਿਸਟਮ)

| | | | |
|---|---|---|---|
| 6. | ਐਮ. ਏ. (ਹਿਸਟਰੀ) (ਦੋ ਸਾਲਾ ਕੋਰਸ) | ਬੀ.ਏ.ਵਿਚੋਂ 50% ਅਤੇ ਹਿਸਟਰੀ ਜਾਂ ਡਿਫੈਂਸ ਸਟੱਡੀਜ਼ ਵਿਸ਼ੇ ਵਿੱਚੋਂ ਘੱਟ ਤੋਂ ਘੱਟ 50% ਅੰਕ ਪ੍ਰਾਪਤ ਕੀਤੇ ਹੋਣ। | 30 |
| 7. | ਐਮ. ਐਸ. ਸੀ. (ਫਿਜ਼ਿਕਸ) (ਦੋ ਸਾਲਾ ਕੋਰਸ) | ਬੀ.ਐਸ.ਸੀ. ਵਿਚੋਂ 50% ਅਤੇ ਫ਼ਿਜ਼ਿਕਸ ਵਿਸ਼ੇ ਵਿੱਚੋ ਘੱਟ ਤੋਂ ਘੱਟ 50% ਅੰਕ ਪ੍ਰਾਪਤ ਕੀਤੇ ਹੋਣ। | 30 |
| 8. | ਐਮ. ਐਸ. ਸੀ. (ਮੈਥਸ) (ਦੋ ਸਾਲਾ ਕੋਰਸ) | ਬੀ.ਏ./ਬੀ.ਐਸ.ਸੀ. ਵਿਚੋਂ 50% ਅਤੇ ਮੈਥੇਮੈਟਿਕਸ ਵਿਸ਼ੇ ਵਿੱਚੋ ਘੱਟ ਤੋਂ ਘੱਟ 50% ਅੰਕ ਪ੍ਰਾਪਤ ਕੀਤੇ ਹੋਣ। | 30 |
| 9. | ਡਿਪਲੋਮਾ ਇਨ ਫੂਡ ਪ੍ਰੋਡਕਸ਼ਨ | +2 ਜਾਂ ਇਸਦੇ ਬਰਾਬਰ ਦੀ ਮਾਨਤਾ ਪ੍ਰਾਪਤ ਕੋਈ ਹੋਰ ਇਮਤਿਹਾਨ ਪਾਸ ਕੀਤਾ ਹੋਵੇ। | 50 |
| 10. | ਡਿਪਲੋਮਾ ਇਨ ਸਰਵਿਸਿਜ਼ ਅਤੇ ਬੀਵਰੇਜੀਜ਼ | +2 ਜਾਂ ਇਸਦੇ ਬਰਾਬਰ ਦੀ ਮਾਨਤਾ ਪ੍ਰਾਪਤ ਕੋਈ ਹੋਰ ਇਮਤਿਹਾਨ ਪਾਸ ਕੀਤਾ ਹੋਵੇ। | 50 |
| 11. | ਡਿਪਲੋਮਾ ਇਨ ਕੰਪਿਊਟਰ ਹਾਰਡਵੇਅਰ ਅਤੇ ਨੈੱਟਵਰਕਿੰਗ | +2 ਜਾਂ ਇਸਦੇ ਬਰਾਬਰ ਦੀ ਮਾਨਤਾ ਪ੍ਰਾਪਤ ਕੋਈ ਹੋਰ ਇਮਤਿਹਾਨ ਪਾਸ ਕੀਤਾ ਹੋਵੇ। | 50 |

# ਵਿਸ਼ਿਆਂ ਅਤੇ ਸੀਟਾਂ ਸਬੰਧੀ ਜਾਣਕਾਰੀ

## ਲਾਜ਼ਮੀ ਵਿਸ਼ੇ

1. ਪੰਜਾਬੀ ਜਾਂ ਪੰਜਾਬੀ ਮੁੱਢਲਾ ਗਿਆਨ
2. ਅੰਗਰੇਜ਼ੀ - ਕਮਿਊਨੀਕੇਸ਼ਨ ਸਕਿਲਜ਼

ਉਪਰੋਕਤ ਲਾਜ਼ਮੀ ਵਿਸ਼ਿਆਂ ਤੋਂ ਇਲਾਵਾ ਬੀ.ਏ. ਦੇ ਵਿਦਿਆਰਥੀਆਂ ਨੂੰ ਤਿੰਨ ਹੋਰ ਵਿਸ਼ੇ ਪੜ੍ਹਨੇ ਹੋਣਗੇ।

ਪਰੰਤੂ ਹੇਠਲੇ ਗਰੁੱਪਾਂ ਵਿੱਚੋਂ ਇੱਕ ਤੋਂ ਵੱਧ ਵਿਸ਼ਾ ਨਹੀਂ ਲਿਆ ਜਾ ਸਕਦਾ।

<table>
<tr><th>ਗਰੁੱਪ 1</th><th>ਗਰੁੱਪ 2</th><th>ਗਰੁੱਪ 3</th><th>ਗਰੁੱਪ 4</th><th>ਗਰੁੱਪ 5</th></tr>
<tr><td>ਅਰਥ ਸ਼ਾਸਤਰ (320)</td><td>ਇਤਿਹਾਸ (480)</td><td rowspan="4">ਰਾਜਨੀਤੀ ਸ਼ਾਸਤਰ (480)</td><td>ਅੰਗਰੇਜ਼ੀ ਸਾਹਿਤ (80)</td><td>ਜੋਗਰਫੀ (ਪ੍ਰੈਕਟੀਕਲ ਵਿਸ਼ਾ) (80)</td></tr>
<tr><td>ਸ਼ਰੀਰਕ ਸਿੱਖਿਆ (ਪ੍ਰੈਕਟੀਕਲ ਵਿਸ਼ਾ) (160)</td><td>ਗਣਿਤ (140)</td><td>ਪੰਜਾਬੀ ਸਾਹਿਤ (320)</td><td>ਸੰਗੀਤ ਵੋਕਲ (ਪ੍ਰੈਕਟੀਕਲ ਵਿਸ਼ਾ) (30)</td></tr>
<tr><td>ਸੰਗੀਤ ਸਾਜ (ਪ੍ਰੈਕਟੀਕਲ ਵਿਸ਼ਾ) (30)</td><td>ਮਨੋਵਿਗਿਆਨ (ਪ੍ਰੈਕਟੀਕਲ ਵਿਸ਼ਾ) (80)</td><td>ਹਿੰਦੀ (80)</td><td></td></tr>
<tr><td></td><td>ਫ਼ਿਲਾਸਫ਼ੀ (ਪ੍ਰੈਕਟੀਕਲ ਵਿਸ਼ਾ) (80)</td><td>ਸੰਸਕ੍ਰਿਤ (30)</td><td></td></tr>
</table>

ਨੋਟ:

- ਵਿਦਿਆਰਥੀ ਵੱਧ ਤੋਂ ਵੱਧ ਦੋ ਪ੍ਰੈਕਟੀਕਲ ਵਿਸ਼ੇ ਹੀ ਲੈ ਸਕਦੇ ਹਨ।
- ਬੀ.ਏ. ਭਾਗ -1 ਵਿੱਚ ਗਣਿਤ ਵਿਸ਼ਾ ਉਹੀ ਵਿਦਿਆਰਥੀ ਲੈ ਸਕਦਾ ਹੈ ਜਿਸ ਨੇ ਬਾਰ੍ਹਵੀਂ ਵਿੱਚੋਂ ਗਣਿਤ ਵਿਸ਼ਾ ਪਾਸ ਕੀਤਾ ਹੋਵੇ ਅਤੇ ਗਣਿਤ ਵਿਸ਼ੇ ਵਾਲੇ ਵਿਦਿਆਰਥੀ ਨੂੰ ਰਾਜਨੀਤੀ ਸ਼ਾਸਤਰ ਦਾ ਵਿਸ਼ਾ ਲੈਣ ਦੀ ਆਗਿਆ ਨਹੀਂ ਹੈ।
- ਸਰੀਰਿਕ ਸਿੱਖਿਆ ਵਿਸ਼ਾ ਸਪੋਰਟਸ ਦੀ ਮੈਰਿਟ ਦੇ ਅਧਾਰ ਤੇ ਦਿੱਤਾ ਜਾਵੇਗਾ ਅਤੇ ਇਸ ਸੰਬੰਧੀ ਇੱਕ ਫਿਜ਼ੀਕਲ ਟੈਸਟ ਹੋਵੇਗਾ ਜੋ ਪ੍ਰਿੰਸੀਪਲ ਸਾਹਿਬ ਦੀ ਪ੍ਰਧਾਨਗੀ ਹੇਠ ਬਣੀ ਤਿੰਨ ਮੈਂਬਰੀ ਕਮੇਟੀ ਕਰੇਗੀ।
- ਬੀ.ਏ. ਭਾਗ -2 ਅਤੇ ਭਾਗ-3 ਦੇ ਵਿਦਿਆਰਥੀ ਨੂੰ ਯੂਨੀਵਰਸਿਟੀ ਨਿਯਮਾਂ ਅਨੁਸਾਰ ਵਿਸ਼ੇ ਬਦਲਣ ਦੀ ਆਗਿਆ ਨਹੀਂ। ਇਸ ਲਈ ਬੀ. ਏ. ਭਾਗ -1 ਦੇ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਦਾਖਲਾ ਫਾਰਮ ਵਿੱਚ ਵਿਸ਼ੇ ਸੋਚ ਕੇ ਭਰਨ।
- ਪੰਜਾਬੀ ਯੂਨੀਵਰਸਿਟੀ ਦੇ ਪੱਤਰ ਨੰ: 3124–3196, ਕਾਲਜ, ਸ–3, ਮਿਤੀ 18–5–2004 ਅਨੁਸਾਰ ਜੇਕਰ ਯੂਨੀਵਰਸਿਟੀ ਦੇ ਆਦੇਸ਼ਾਂ ਅਨੁਸਾਰ ਵਿਸ਼ਿਆਂ ਵਿਚ ਕੋਈ ਬਦਲਾਵ ਹੁੰਦਾ ਹੈ ਤਾਂ ਇਸਦੀ ਸੂਚਨਾ ਵਿਦਿਆਰਥੀਆਂ ਨੂੰ ਨੋਟਿਸ ਬੋਰਡ/ਵੈਂਬਸਾਈਟ ਰਾਹੀਂ ਦੇ ਦਿੱਤੀ ਜਾਵੇਗੀ।
- ਡੀ.ਪੀ.ਆਈ. (ਕਾਲਜਾਂ) ਪੰਜਾਬ ਸਰਕਾਰ ਦੇ ਪੱਤਰ ਨੰ: 09/09/2004 (ਕਾ–ਐਜੂ) ਮਿਤੀ 24–5–2004 ਦੇ ਆਦੇਸ਼ ਅਨੁਸਾਰ ਜੇਕਰ ਕਾਲਜ ਵਿੱਚ ਪੜ੍ਹਾਏ ਜਾਣ ਵਾਲੇ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟ ਤੋਂ ਘੱਟ 15 ਹੋਵੇਗੀ ਤਾਂ ਹੀ ਇਸ ਵਿਸ਼ੇ ਨੂੰ ਪੜ੍ਹਾਉਣ ਦੀ ਆਗਿਆ ਦਿਤੀ ਜਾਵੇਗੀ।
- ਕਿਸੇ ਵਿਦਿਆਰਥੀ ਨੂੰ ਉਹ ਵਿਸ਼ਾ ਪੜ੍ਹਨ ਦੀ ਆਗਿਆ ਨਹੀਂ ਹੈ ਜੋ ਇਸ ਕਾਲਜ ਵਿੱਚ ਪੜ੍ਹਾਇਆ ਹੀ ਨਹੀਂ ਜਾਂਦਾ।
- Punjabi Lazmi (Mudhla Gian) in lieu of Punjabi Compulsory shall be allowed to the following categories of candidates. Candidates who have passed their Matriculation examination from a School located outside the State of Punjab or an examination recognised as equivalent thereto. Candidates who have passed their Matriculation examination from a School located in the State of Punjab will not be allowed to take up the subject of Punjabi Lazmi (Mudla Gian) in lieu of Punjabi Compulsory at the graduate level. This clause will not apply to students covered by '**clause b**' given below.
- Children of Defence personnel/Para military personnel (serving as well as retired) will be allowed to take up the subject of Punjabi Lazmi (Mudla Gian), provided the father of the mother/guardian (in case father is deceased ) of the candidate gives an affidavit that the candidate has not studied Punjabi at the School level

**(ਪੰਜਾਬੀ ਯੂਨੀਵਰਸਿਟੀ ਦੇ ਆਦੇਸ਼ ਅਨੁਸਾਰ ਉਨ੍ਹਾਂ ਵਿਸ਼ਿਆਂ ਨੂੰ ਛੱਡਕੇ ਜਿੱਥੇ ਪਹਿਲਾਂ ਹੀ ਵਿਦਿਆਰਥੀਆਂ ਦੀ ਗਿਣਤੀ ਨਿਸ਼ਚਿਤ ਹੈ, ਇਕ ਸੈਕਸ਼ਨ ਵਿਚ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਗਿਣਤੀ 80 ਹੋ ਸਕਦੀ ਹੈ। ਫੈਕਲਟੀ ਮੈਂਬਰਾਂ ਦੀ ਹੋਂਦ ਨੂੰ ਧਿਆਨ ਵਿੱਚ ਰੱਖਦੇ ਹੋਏ ਹਰ ਵਿਸ਼ੇ ਵਿੱਚ ਗਿਣਤੀ ਨਿਸ਼ਚਿਤ ਕੀਤੀ ਗਈ ਹੈ। ਇਸ ਲਈ ਇਹ ਜ਼ਰੂਰੀ ਨਹੀਂ ਕਿ ਜਿਹੜਾ ਵਿਸ਼ਾ ਵਿਦਿਆਰਥੀ ਨੇ ਫਾਰਮ ਵਿੱਚ ਭਰਿਆ ਹੈ ਉਹ ਉਸ ਨੂੰ ਦਿੱਤਾ ਜਾਵੇਗਾ। ਇਹ ਵਿਸ਼ੇ ਮੈਰਿਟ ਦੇ ਆਧਾਰ ਤੇ ਹੀ ਦਿੱਤੇ ਜਾਣਗੇ। ਵਿਦਿਆਰਥੀ ਪਹਿਲਾਂ ਹੀ ਵਿਸ਼ਿਆਂ ਦੀ ਚੋਣ ਸੋਚ ਸਮਝਕੇ ਤਰਜ਼ੀਹ ਅਨੁਸਾਰ ਭਰਨ।)**

# ਦਾਖਲੇ

1. ਸਾਰੀਆਂ ਐਂਟਰੀ ਕਲਾਸਾਂ ਵਿੱਚ ਦਾਖਲਾ ਨਿਰੋਲ ਮੈਰਿਟ ਦੇ ਅਧਾਰ ਤੇ ਹੀ ਕੀਤਾ ਜਾਵੇਗਾ।

2. ਸਾਰੀਆਂ ਕਲਾਸਾਂ ਲਈ ਦਾਖਲਾ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਨਿਯਮਾਂ ਦੇ ਅਨੁਸਾਰ ਹੋਵੇਗਾ ਅਤੇ ਇਹਨਾਂ ਦੀ ਉਲੰਘਣਾ ਕਿਸੇ ਸੂਰਤ ਵਿੱਚ ਵੀ ਨਹੀਂ ਕੀਤੀ ਜਾਵੇਗੀ।

# ਰਾਖਵਾਂਕਰਨ

ਕਾਲਜ ਵਿੱਚ ਵੱਖ–ਵੱਖ ਕੋਰਸਾਂ (ਐਮ.ਏ, ਐਮ.ਐਸ.ਸੀ., ਬੀ.ਏ., ਬੀ.ਐਸ.ਸੀ, ਬੀ.ਕਾਮ, ਬੀ.ਸੀ.ਏ., ਬੀ.ਬੀ.ਏ. ਦੇ ਭਾਗ ਪਹਿਲਾ ਅਤੇ ਡਿਪਲੋਮਾ ਕੋਰਸਾਂ ਵਿੱਚ ਸੀਟਾਂ ਲਈ ਦਾਖਲਾ ਨਿਰੋਲ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ। ਇਹ ਮੈਰਿਟ ਪਿਛਲੀ ਪ੍ਰੀਖਿਆ, (ਜਿਸਦੇ ਅਧਾਰ ਤੇ ਦਾਖਲਾ ਲਿਆ ਜਾ ਰਿਹਾ ਹੈ) ਵਿੱਚ ਪ੍ਰਾਪਤ ਕੁੱਲ ਨੰਬਰਾਂ ਦੇ ਅਧਾਰ ਉੱਤੇ ਹੋਵੇਗੀ ਅਤੇ ਹੇਠ ਲਿਖੇ ਅਨੁਸਾਰ ਸੀਟਾਂ ਮੁੱਢਲੀਆਂ ਕਲਾਸਾਂ ਵਿੱਚ ਦਾਖਲੇ ਲਈ ਰਾਖਵੀਆਂ ਹੋਣਗੀਆਂ।

## ਰਾਖਵੀਆਂ ਸੀਟਾਂ

<table>
<tr><th></th><th>ਸ਼੍ਰੇਣੀ</th><th colspan="3">ਰਾਖਵੀਆਂ ਸੀਟਾਂ</th></tr>
<tr><td>1.</td><td>ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਲਈ</td><td colspan="3">20%</td></tr>
<tr><td>2.</td><td>ਪਛੜੀਆਂ ਸ਼੍ਰੇਣੀਆਂ ਲਈ</td><td colspan="3">8%</td></tr>
<tr><td rowspan="3">3.</td><td rowspan="3">ਆਰਮਡ ਫੋਰਸਜ਼, ਸੀ.ਆਰ.ਪੀ.ਐਫ, ਬੀ.ਐਸ.ਐਫ., ਪੁਲਿਸ ਵਿੱਚ ਕੰਮ ਕਰ ਰਹੇ, ਸੇਵਾ ਮੁਕਤ ਅਤੇ ਸੇਵਾ ਦੌਰਾਨ ਸਵਰਗਵਾਸ ਹੋ ਗਏ ਅਫਸਰਾਂ ਅਤੇ ਕਰਮਚਾਰੀਆਂ ਦੇ ਬੱਚਿਆਂ ਲਈ</td><td>General</td><td>SC</td><td>BC</td></tr>
<tr><td>7%</td><td>4%</td><td>2%</td></tr>
<tr><td colspan="3">Total 13%</td></tr>
<tr><td>4.</td><td>ਅਪੰਗ ਵਿਦਿਆਰਥੀਆਂ ਲਈ</td><td colspan="3">3%</td></tr>
<tr><td rowspan="3">5.</td><td rowspan="3">ਖਿਡਾਰੀਆਂ ਲਈ</td><td colspan="2">General</td><td>SC</td></tr>
<tr><td colspan="2">2%</td><td>1%</td></tr>
<tr><td colspan="3">Total 3%</td></tr>
<tr><td>8.</td><td>ਆਜ਼ਾਦੀ ਘੁਲਾਟੀਆਂ ਦੇ ਬੱਚਿਆਂ ਲਈ</td><td colspan="3">1%</td></tr>
<tr><td>9.</td><td>ਪੇਂਡੂ ਵਿਦਿਆਰਥੀਆਂ ਲਈ ਵਾਧੂ ਸੀਟਾਂ</td><td colspan="3">10%</td></tr>
<tr><td>10.</td><td>ਕੈਂਸਰ ਪੀੜਿਤ ਲਈ ਵਾਧੂ ਸੀਟਾਂ</td><td colspan="3">1</td></tr>
<tr><td>11.</td><td>ਏਡਜ਼ ਪੀੜਿਤ ਲਈ ਵਾਧੂ ਸੀਟਾਂ</td><td colspan="3">1</td></tr>
<tr><td>12.</td><td>ਥੇਲੇਸੇਮੀਆ ਪੀੜਿਤ ਲਈ ਵਾਧੂ ਸੀਟਾਂ</td><td colspan="3">1</td></tr>
<tr><td>13.</td><td>ਸਿੰਗਲ ਗਰਲ ਚਾਈਲਡ ਲਈ ਵਾਧੂ ਸੀਟਾਂ</td><td colspan="3">1</td></tr>
<tr><td>14.</td><td>ਕਸ਼ਮੀਰੀ ਦੰਗਾ ਪੀੜਿਤ</td><td colspan="3">1</td></tr>
</table>

# ਰਾਖਵਾਂਕਰਨ ਲਈ ਲੋੜੀਂਦੇ ਦਸਤਾਵੇਜ਼

- ਸੰਬੰਧਿਤ ਸ਼੍ਰੇਣੀਆਂ ਦੇ ਪ੍ਰਮਾਣ ਲਈ ਯੋਗ ਅਧਿਕਾਰੀ ਵੱਲੋਂ ਦਿੱਤਾ ਸਰਟੀਫਿਕੇਟ ਦਾਖਲਾ ਫਾਰਮ ਨਾਲ ਨੱਥੀ ਕਰਨਾ ਲਾਜ਼ਮੀ ਹੈ।
- ਸਿੱਖ ਪ੍ਰਵਾਸੀ ਦੀ ਹਾਲਤ ਵਿੱਚ ਡਿਪਟੀ ਕਮਿਸ਼ਨਰ (DC) ਵੱਲੋਂ ਜਾਰੀ ਕੀਤਾ ਸਰਟੀਫਿਕੇਟ ।
- ਅਨੁਸੂਚਿਤ ਸ਼੍ਰੇਣੀਆਂ, ਕਬੀਲੇ ਅਤੇ ਪੱਛੜੀਆਂ ਸ਼੍ਰੇਣੀਆਂ, ਰੂਰਲ ਏਰੀਆ ਦੇ ਵਿਦਿਆਰਥੀਆਂ ਲਈ ਸਰਟੀਫਿਕੇਟ ਐਸ.ਡੀ.ਐਮ. ਜਾਂ ਤਹਿਸੀਲਦਾਰ ਪਾਸੋਂ ਤਸਦੀਕ ਕੀਤਾ ਹੋਵੇ।
- ਪਛੜੀਆਂ ਸ਼੍ਰੇਣੀਆਂ ਦਾ ਸਰਟੀਫਿਕੇਟ ਤਿੰਨ ਸਾਲਾਂ ਤੋਂ ਵੱਧ ਪੁਰਾਣਾ ਨਹੀਂ ਹੋਣਾ ਚਾਹੀਦਾ।

**ਨੋਟ : ਉੱਨ੍ਹਾਂ ਵਿਦਿਆਰਥੀਆਂ ਲਈ 10% ਸੀਟਾਂ ਵਾਧੂ ਰਾਖਵੀਆਂ ਰੱਖੀਆਂ ਗਈਆਂ ਹਨ ਜਿੰਨ੍ਹਾ ਨੇ 10ਵੀਂ ਅਤੇ 10+2 ਦੀ ਪ੍ਰੀਖਿਆ ਕਿਸੇ ਅਜਿਹੇ ਪੇਂਡੂ ਸਕੂਲ ਤੋਂ ਪਾਸ ਕੀਤੀ ਹੋਵੇ, ਜਿਹੜਾ ਕਿਸੇ ਮਿਉਂਸਿਪਲ ਕਾਰਪੋਰੇਸ਼ਨ/ ਕਮੇਟੀ/ਸਮਾਲ ਟਾਊਨ ਨੋਟੀਫਾਈਡ ਏਰੀਆ ਦੇ ਘੇਰੇ ਵਿਚ ਨਹੀਂ ਆਉਂਦਾ। ਅਜਿਹੇ ਉਮੀਦਵਾਰਾਂ ਲਈ ਅਖੀਰਲੀ ਪ੍ਰੀਖਿਆ ਤੋਂ ਪਹਿਲਾਂ ਪੰਜ ਸਾਲ ਲਈ ਅਜਿਹੇ ਸਕੂਲ ਦਾ ਵਿਦਿਆਰਥੀ ਹੋਣਾ ਲਾਜ਼ਮੀ ਹੋਵੇਗਾ ਅਤੇ ਸਬੰਧਤ ਤਹਿਸੀਲਦਾਰ ਤੋਂ ਇਹ ਸਰਟੀਫਿਕੇਟ ਦਾਖਲੇ ਸਮੇਂ ਪੇਸ਼ ਕਰਨਾ ਲਾਜ਼ਮੀ ਹੋਵੇਗਾ। ਸਬੰਧਤ ਫਾਰਮ 'ਤੇ ਇਹ ਸਰਟੀਫਿਕੇਟ ਆਨ-ਲਾਇਨ ਦਾਖਲਾ ਫਾਰਮ ਭਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਬਣਿਆ ਹੋਣਾ ਚਾਹੀਦਾ ਹੈ। ਬਾਅਦ ਵਿੱਚ ਬਣੇ ਸਰਟੀਫਿਕੇਟ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। (ਹਵਾਲਾ ਯੂਨੀਵਰਸਿਟੀ ਪੱਤਰ ਨੰ: 4914-**

**5032/ਕਾਲਜ/ਜੀ-ਸੀ-6 ਮਿਤੀ 26-5-2006)**

**ਯੁਵਕ ਮੇਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੇ ਦਾਖਲੇ ਲਈ ਸਾਰੇ ਕੋਰਸਾਂ ਲਈ ਐਂਟਰੀ ਪੁਆਇੰਟ ਤੇ ਵਾਧੂ ਸੀਟਾਂ ਦੀ ਗਿਣਤੀ ਅੱਠ ਹੋਵੇਗੀ। ਇਸਦੀ ਮੈਰਿਟ ਦਾ ਫੈਸਲਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਹੋਵੇਗਾ। ਇਹ ਦਾਖਲੇ ਪ੍ਰਿੰਸੀਪਲ ਸਾਹਿਬ ਵੱਲੋਂ ਬਣਾਈ ਕਮੇਟੀ ਕਰੇਗੀ। (ਯੂਨੀਵਰਸਿਟੀ ਪੱਤਰ ਨੰ:40284100 ਓ ਐਸ/ਕਾਲਜ ਮਿਤੀ 4–7–2003)**

# ਦਾਖਲੇ ਸੰਬੰਧੀ ਜ਼ਰੂਰੀ ਹਦਾਇਤਾਂ

1. ਵਿਦਿਆਰਥੀ ਵੱਖ–ਵੱਖ ਕੋਰਸਾਂ ਲਈ ਜਿਵੇਂ ਕਿ ਮੈਡੀਕਲ, ਨਾਨ–ਮੈਡੀਕਲ, ਕਾਮਰਸ, ਆਰਟਸ ਆਦਿ ਇਕ ਤੋਂ ਵੱਧ ਆਨ ਲਾਇਨ ਫਾਰਮ ਭਰ ਸਕਦਾ ਹੈ, ਇਕ ਤੋਂ ਵੱਧ ਆਨ–ਲਾਇਨ ਫਾਰਮ ਭਰਨ ਲਈ ਫੀਸ 50/-ਰੁਪਏ ਪ੍ਰਤੀ ਫਾਰਮ ਹੋਵੇਗੀ।
2. ਵਿਦਿਆਰਥੀ ਆਨਲਾਈਨ ਦਾਖਲਾ ਫਾਰਮ ਭਰਨ ਸਮੇਂ ਲੋੜੀਂਦੇ ਦਸਤਾਵੇਜ਼ ਅੱਪਲੋਡ ਕਰਨਗੇ ।
3. ਯੂਨੀਵਰਸਿਟੀ/ਬੋਰਡ ਪ੍ਰੀਖਿਆ ਵਿੱਚ ਫੇਲ੍ਹ ਹੋਏ, ਪ੍ਰੀਖਿਆ ਵਿੱਚ ਗੈਰ ਹਾਜ਼ਰ, ਪਿਛਲੇ ਸਾਲਾਂ ਵਿੱਚ ਪੜ੍ਹਾਈ ਛੱਡੀ ਰੱਖਣ ਵਾਲੇ ਅਤੇ ਯੂਨੀਵਰਸਿਟੀ ਵੱਲੋਂ ਲਾਈਆਂ ਕੰਡੀਸ਼ਨਾਂ ਨਾ ਪੂਰੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।
4. ਕਾਲਜ ਵਿੱਚ ਭਾਗ-1 ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਅਗਲੀ ਕਲਾਸ (ਭਾਗ -2 ਜਾਂ -3) ਵਿੱਚ ਦਾਖਲਾ, ਯੁਨੀਵਰਸਿਟੀ ਵੱਲੋਂ ਨਿਰਧਾਰਿਤ ਨਿਯਮਾਂ ਅਨੁਸਾਰ ਪਹਿਲ ਦੇ ਅਧਾਰ ਤੇ ਹੀ ਦਿੱਤਾ ਜਾਵੇਗਾ।
5. ਸਪੋਰਟਸ ਦੇ ਕੋਟੇ ਵਿੱਚ ਕੇਵਲ ਉਹਨਾਂ ਖਿਡਾਰੀ ਵਿਦਿਆਰਥੀਆਂ ਨੂੰ ਹੀ ਦਾਖਲਾ ਦਿੱਤਾ ਜਾਵੇਗਾ ਜਿਨ੍ਹਾਂ ਨੇ ਵੱਖ–ਵੱਖ ਖੇਡਾਂ ਵਿੱਚ ਘੱਟੋ–ਘੱਟ ਸਕੂਲ, ਜ਼ਿਲ੍ਹਾਂ, ਸਟੇਟ, ਨੈਸ਼ਨਲ, ਕਾਲਜ ਦੀ ਪ੍ਰਤੀਨਿਧਤਾ ਕਰਦੇ ਹੋਏ ਰਾਜ, ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ।
6. ਹਰ ਕਲਾਸ ਵਿੱਚ ਦਾਖਲਾ ਆਨ ਲਾਈਨ (Online) ਦਾਖਲਾ ਫਾਰਮ ਭਰਨ ਦੇ ਅਧਾਰ ਤੇ ਹੋਵੇਗਾ। ਇਹ ਨਿਯਮ ਇਸ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਤੇ ਵੀ ਲਾਗੂ ਹੋਵੇਗਾ।
7. ਵਿਦਿਆਰਥੀਆਂ ਨੂੰ ਫੀਸ ਦਾਖਲਾ ਕਮੇਟੀ ਦੇ ਫੈਸਲੇ ਦੇ ਬਾਅਦ ਚਲਾਨ ਜਾਰੀ ਹੋਣ ਉਪਰੰਤ **ਦੋ ਦਿਨਾਂ (Two Days)** ਦੇ ਅੰਦਰ- ਅੰਦਰ ਜਮ੍ਹਾਂ ਕਰਵਾਉਣੀ ਹੋਵੇਗੀ। ਫੀਸ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ ਉਸਦੀ ਸੀਟ ਵੇਟਿੰਗ ਲਿਸਟ ਉੱਤੇ ਵਿਦਿਆਰਥੀ ਨੂੰ ਦੇ ਦਿੱਤੀ ਜਾਵੇਗੀ।
8. ਕਾਲਜ ਦੇ ਪੁਰਾਣੇ ਜਿਸ ਵਿਦਿਆਰਥੀ ਦਾ ਨਤੀਜਾ ਬਾਕੀਆਂ ਨਾਲੋਂ ਦੇਰ ਨਾਲ ਨਿਕਲਦਾ ਹੈ, ਉਹ ਨਤੀਜਾ ਕਾਰਡ ਤੇ ਛਪੀ ਤਾਰੀਖ ਤੋਂ 10 ਕੰਮ-ਕਾਜੀ ਦਿਨਾਂ ਦੇ ਅੰਦਰ–ਅੰਦਰ ਕਾਲਜ ਵਿੱਚ ਦਾਖਲਾ ਪ੍ਰਾਪਤ ਕਰ ਸਕਦਾ ਹੈ, ਬਸ਼ਰਤੇ ਉਹ ਦਾਖਲੇ ਦੀਆਂ ਬਾਕੀ ਸ਼ਰਤਾਂ ਪੂਰੀਆਂ ਕਰਦਾ ਹੋਵੇ ਅਤੇ ਸੀਟਾਂ ਖਾਲੀ ਹੋਣ।
9. ਬੀ.ਏ., ਬੀ.ਕਾਮ., ਬੀ.ਐਸ.ਸੀ., ਬੀ.ਬੀ.ਏ., ਬੀ.ਸੀ.ਏ., ਭਾਗ -2 ਅਤੇ -3 ਵਿੱਚ ਦਾਖਲਾ ਇਸ ਕਾਲਜ ਦੇ ਵਿਦਿਆਰਥੀਆਂ ਨੂੰ ਹੀ ਦਿੱਤਾ ਜਾਵੇਗਾ। ਬੀ.ਏ., ਬੀ.ਕਾਮ., ਬੀ.ਐਸ.ਸੀ., ਬੀ.ਬੀ.ਏ., ਬੀ.ਸੀ.ਏ.

ਭਾਗ—2 ਅਤੇ ਭਾਗ—3 ਵਿੱਚ ਦੂਸਰੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਖਾਲੀ ਸੀਟਾਂ ਤੇ ਦਾਖਲਾ ਮੈਰਿਟ ਦੇ ਆਧਾਰ ‘ਤੇ ਪ੍ਰਿੰਸੀਪਲ ਦੀ ਆਗਿਆ ਨਾਲ ਦਿੱਤਾ ਜਾ ਸਕਦਾ ਹੈ।

10. ਜੇਕਰ ਵਿਦਿਆਰਥੀ ਆਪਣੀ ਸੀਟ ਲਿਖਤੀ ਅਰਜ਼ੀ ਦੇਕੇ ਯੂਨੀਵਰਸਿਟੀ ਵੱਲੋਂ ਬਿਨਾਂ ਲੇਟ ਫੀਸ ਦਾਖਲੇ ਦੀ ਆਖਰੀ ਤਾਰੀਖ ਤੋਂ ਪਹਿਲਾਂ ਛੱਡਦਾ ਹੈ ਤਾਂ ਹੇਠ ਲਿਖੇ ਅਨੁਸਾਰ ਫੀਸ ਨੂੰ ਵਾਪਿਸ ਕਰਵਾਉਣ ਦਾ ਹੱਕਦਾਰ ਹੋਵੇਗਾ :–

    a. ਸੀਟ ਭਰੇ ਜਾਣ ਉਪਰੰਤ ਕੇਵਲ 1000/– ਰੁਪਏ ਹੈਂਡਲਿੰਗ ਚਾਰਜਿਜ਼ ਕੱਟਕੇ ਵਾਪਿਸ ਕੀਤੀ ਜਾਵੇਗੀ। (ਦਾਖਲਿਆਂ ਸਬੰਧੀ ਯੂਨੀਵਿਰਸਿਟੀ ਰਿਟਰਨ ਭਰੇ ਜਾਣ ਤੋਂ ਪਹਿਲਾ)
    b. ਸੀਟ ਖਾਲੀ ਰਹਿਣ ਦੀ ਸੂਰਤ ’ਚ ਇੱਕ ਸਾਲ ਦੇ ਅੰਦਰ ਅੰਦਰ ਕੇਵਲ ਸਿਕਿਊਰਟੀ ਹੀ ਵਾਪਿਸ ਕੀਤੀ ਜਾਵੇਗੀ।

## Gap Year ਸਬੰਧੀ ਦਾਖਲਾ ਨਿਯਮ

- **ਜਿਹੜੇ ਕੋਰਸਾਂ ਵਿੱਚ ਸੀਟਾਂ ਖਾਲੀ ਹੋਣ ਸਿਰਫ ਉਹਨਾਂ ਸੀਟਾਂ ਲਈ ਇੱਕ ਸਾਲ ਦੇ Gap Year ਵਾਲੇ ਵਿਦਿਆਰਥੀਆਂ ਦੇ ਦਾਖਲਿਆਂ ਨੂੰ ਵਿਚਾਰਿਆਂ ਜਾਵੇਗਾ। ਇਹ ਦਾਖਲੇ ਨਿਰੋਲ ਮੈਰਿਟ ਦੇ ਆਧਾਰ ਤੇ ਹੀ ਕੀਤੇ ਜਾਣਗੇ।**

## ਦਾਖਲੇ ਸਮੇਂ ਜ਼ਰੂਰੀ ਦਸਤਾਵੇਜ਼

**ਦਾਖਲੇ ਸਮੇਂ ਹੇਠ ਲਿਖੇ ਦਸਤਾਵੇਜ਼ ਫਾਰਮ ਦੇ ਨਾਲ ਨੱਥੀ ਕਰਨੇ ਜ਼ਰੂਰੀ ਹਨ। ਇਹਨਾਂ ਤੋਂ ਬਿਨਾਂ ਦਾਖਲਾ ਨਹੀਂ ਦਿੱਤਾ ਜਾਵੇਗਾ।**

1. ਪਿਛਲੀ ਪਾਸ ਕੀਤੀ ਪ੍ਰੀਖਿਆ ਤੇ ਜਨਮ ਮਿਤੀ ਦਰਸਾਉਂਦੀ ਬੋਰਡ ਦੇ ਪ੍ਰਮਾਣ ਪੱਤਰ ਦੀ ਸਵੈ ਤਸਦੀਕ–ਸ਼ੁਦਾ ਕਾਪੀ।
2. ਪਿਛਲੀ ਸੰਸਥਾ ਦੇ ਮੁੱਖੀ ਵੱਲੋਂ ਚੰਗੇ ਆਚਰਨ ਸੰਬੰਧੀ ਪ੍ਰਮਾਣ ਪੱਤਰ ਦੀ ਸਵੈ ਤਸਦੀਕ-ਸ਼ੁਦਾ ਕਾਪੀ।
3. ਰਿਹਾਇਸ਼ੀ ਪਤੇ ਦੇ ਸਬੂਤ ਲਈ ਕਿਸੇ ਇੱਕ ਦੀ ਸਵੈ ਤਸਦੀਕ–ਸ਼ੁਦਾ ਕਾਪੀ ਨਾਲ ਨੱਥੀ ਕੀਤੀ ਜਾਵੇ। ਜਿਵੇਂ ਕਿ ਆਧਾਰ ਕਾਰਡ, ਰਾਸ਼ਨ ਕਾਰਡ, ਟੈਲੀਫੋਨ ਬਿੱਲ, ਵੋਟਰ ਕਾਰਡ, ਬਿਜਲੀ ਦਾ ਬਿੱਲ, ਡਰਾਈਵਿੰਗ ਲਾਇਸੈਂਸ, ਪਾਸਪੋਰਟ।

4. (1-1-2021) ਨੂੰ ਜਿਹੜੇ ਵਿਦਿਆਰਥੀ 18 ਸਾਲ ਤੋਂ ਵੱਧ ਉਮਰ ਦੇ ਹਨ ਅਤੇ ਜਿਹਨਾਂ ਦੀ ਵੋਟ ਨਹੀਂ ਬਣੀ, ਉਹ ਦਾਖਲਾ ਲੈਣ ਉਪਰੰਤ ਲਾਇਬ੍ਰੇਰੀ ਵਿੱਚੋਂ ਫਾਰਮ ਲੈ ਕੇ ਵੋਟ ਬਣਾਉਣ ਲਈ ਅਪਲਾਈ ਕਰਨ। ਇਸ ਤੋਂ ਬਾਅਦ ਹੀ ਸ਼ਨਾਖਤੀ ਕਾਰਡ ਜਾਰੀ ਕੀਤਾ ਜਾਵੇਗਾ।
5. ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਇਲਾਵਾ ਹੋਰ ਕਿਸੇ ਵੀ ਯੂਨੀਵਰਸਿਟੀ ਦਾ ਦਾਖਲਾ ਲੈਣ ਵਾਲਾ ਵਿਦਿਆਰਥੀ ਮਾਈਗ੍ਰੇਸ਼ਨ ਸਰਟੀਫਿਕੇਟ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ (ਰਜਿਸਟਰੇਸ਼ਨ ਸ਼ਾਖਾ) ਤੋਂ ਪਾਤਰਤਾ ਸਰਟੀਫਿਕੇਟ (Eligibilty Certificate) ਦਾਖਲੇ ਸਮੇਂ ਕਾਲਜ ਵਿੱਚ ਜਮਾਂ ਕਰਵਾਉਣਗੇ। ਇਸ ਦਸਤਾਵੇਜ਼ ਤੋਂ ਬਿਨਾਂ ਕਿਸੇ ਵੀ ਕੀਮਤ ਤੇ ਦਾਖਲਾ ਨਹੀਂ ਕੀਤਾ ਜਾਵੇਗਾ। (ਹਵਾਲਾ ਯੂਨੀਵਰਸਿਟੀ ਪੱਤਰ ਨੰ: 1669-1799/ਰਜਿਸਟਰੇਸ਼ਨ ਮਿਤੀ 02-07-2003 ) ਇਹ ਸ਼ਰਤ ਹਰਿਆਣਾ ਬੋਰਡ ਅਤੇ ਹਿਮਾਚਲ ਬੋਰਡ ਤੇ ਲਾਗੂ ਨਹੀਂ ਹੁੰਦੀ।

   **ਨੋਟ: ਜੇਕਰ ਕੋਈ ਵੀ ਵਿਦਿਆਰਥੀ ਕਿਸੇ ਵੀ ਗਲਤ ਬਿਆਨੀ ਕਰਕੇ ਕਾਲਜ ਵਿੱਚ ਦਾਖਲਾ ਲੈਂਦਾ ਹੈ ਤਾਂ ਉਸਦਾ ਦਾਖਲਾ ਕਿਸੇ ਵੀ ਸਮੇਂ ਪਤਾ ਲੱਗਣ ਉਪਰੰਤ ਰੱਦ ਕੀਤਾ ਜਾ ਸਕਦਾ ਹੈ ਅਤੇ ਉਸ ਵਿਦਿਆਰਥੀ ਦੀ ਫੀਸ ਵਾਪਸ ਨਹੀਂ ਕੀਤੀ ਜਾਵੇਗੀ।**

## ਜ਼ਰੂਰੀ ਸੂਚਨਾ

1. ਬਿਨਾਂ ਕਿਸੇ ਅਗੇਤੀ ਸੂਚਨਾ ਦੇ ਪ੍ਰਿੰਸੀਪਲ ਨੂੰ ਪ੍ਰਾਸਪੈਕਟਸ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਕਰਨ ਦਾ ਅਧਿਕਾਰ ਹੈ।
2. ਪ੍ਰਿੰਸੀਪਲ ਨੂੰ ਪੂਰਾ ਅਧਿਕਾਰ ਹੈ ਕਿ ਉਹ ਜਿਸ ਉਮੀਦਵਾਰ ਨੂੰ ਦਾਖਲੇ ਦੇ ਯੋਗ ਨਾ ਸਮਝਦੇ ਹੋਣ ਉਸ ਨੂੰ ਦਾਖਲੇ ਤੋਂ ਇਨਕਾਰ ਕਰ ਸਕਦੇ ਹਨ।
3. ਯੂਨੀਵਰਸਿਟੀ ਦੀਆਂ ਵੱਖ-ਵੱਖ ਸ਼੍ਰੇਣੀਆਂ ਦੇ ਦਾਖਲੇ ਅਤੇ ਫੰਡਾਂ ਸੰਬੰਧੀ ਨਿਯਮਾਂ ਵਿੱਚ ਪੰਜਾਬੀ ਯੂਨੀਵਰਸਿਟੀ/ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਕੀਤੀਆਂ ਤਬਦੀਲੀਆਂ ਲਾਗੂ ਹੋਣਗੀਆਂ।

   **ਨੋਟ : ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਬੋਰਡਾਂ ਅਤੇ ਸੀ.ਬੀ.ਐਸ.ਈ./ ਆਈ.ਸੀ.ਐਸ.ਈ. ਤੋਂ ਪਾਸ ਕੀਤੀ ਹੈ, ਉਹਨਾਂ ਨੂੰ ਪਾਤਰਤਾ ਸਰਟੀਫਿਕੇਟ ਦੀ ਲੋੜ ਨਹੀਂ। ਇਸ ਤੋਂ ਇਲਾਵਾ ਬਾਹਰਲੇ ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਇਹ ਜਰੂਰੀ ਹੈ ਕਿ ਉਹ ਪੰਜਾਬੀ ਯੂਨੀਵਰਸਿਟੀ ਤੋਂ ਪਾਤਰਤਾ ਸਰਟੀਫਿਕੇਟ (ਇਲਜੀਬਿਲਟੀ ਸਰਟੀਫਿਕੇਟ) ਲੈ ਕੇ ਆਉਣ। ਇਸ ਸਰਟੀਫਿਕੇਟ ਤੋਂ ਬਿਨਾਂ ਵਿਦਿਆਰਥੀਆਂ ਦਾ ਦਾਖਲਾ ਨਹੀਂ ਹੋਵੇਗਾ।**

## ਇੰਟਰਨਲ ਅਸੈਸਮੈਂਟ ਸੰਬੰਧੀ ਨਿਯਮ

- ਹਰ ਸਮੈਸਟਰ ਵਿੱਚ ਦੋ ਯੂਨਿਟ ਟੈਸਟ ਅਤੇ Assignments (ਯੂਨਿਵਰਸਿਟੀ ਨਿਯਮਾਂ ਅਨੁਸਾਰ) ਲਏ ਜਾਣਗੇ, ਜਿਨ੍ਹਾਂ ਦੇ ਅਧਾਰ ਤੇ ਯੂਨੀਵਰਸਿਟੀ ਦੀ ਸਮੈਸਟਰ ਪ੍ਰੀਖਿਆ ਵਿੱਚ ਇੰਟਰਨਲ ਅਸੈਸਮੈਂਟ ਭੇਜੀ ਜਾਵੇਗੀ।

## ਕਲਾਸਾਂ ਵਿੱਚ ਹਾਜ਼ਰੀਆਂ ਸੰਬੰਧੀ ਨਿਯਮ

- ਹਰ ਵਿਦਿਆਰਥੀ ਨੂੰ ਹਰੇਕ ਵਿਸ਼ੇ ਵਿੱਚ ਘੱਟੋ–ਘੱਟ 75% ਲੈਕਚਰਾਂ ਵਿੱਚ ਹਾਜ਼ਰ ਹੋਣਾ ਲਾਜ਼ਮੀ ਹੈ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸਨੂੰ ਯੂਨੀਵਰਸਿਟੀ ਇਮਤਿਹਾਨ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।
- ਪ੍ਰਿੰਸੀਪਲ ਨੂੰ ਕੁੱਝ ਖਾਸ ਵਿਚਾਰਨ ਯੋਗ ਕੇਸਾਂ ਵਿੱਚ ਘੱਟ ਹਾਜ਼ਰੀਆਂ ਨੂੰ ਪੂਰਾ ਕਰਨ ਦਾ ਅਧਿਕਾਰ ਹੈ। ਅਜਿਹੇ ਕੇਸਾਂ ਵਿੱਚ ਪ੍ਰਿੰਸੀਪਲ ਕੇਵਲ 12% ਲੈਕਚਰ ਮਾਫ ਕਰ ਸਕਦੇ ਹਨ ਬਸ਼ਰਤੇ ਕਿ ਵਿਦਿਆਰਥੀ ਨੇ ਘੱਟੋ–ਘੱਟ 50% ਲੈਕਚਰ ਲਗਾਏ ਹੋਣ।

## ਛੁੱਟੀ ਸੰਬੰਧੀ ਨਿਯਮ

- ਛੁੱਟੀ ਲੈਣ ਵਾਲੇ ਵਿਦਿਆਰਥੀ ਨੂੰ ਗੈਰ–ਹਾਜ਼ਰੀ ਦਾ ਜੁਰਮਾਨਾ ਨਹੀਂ ਹੋਵੇਗਾ ਅਤੇ ਛੁੱਟੀ ਦਾ ਸੰਬੰਧ ਹਾਜ਼ਰੀਆਂ ਤੋਂ ਛੋਟ ਨਾਲ ਨਹੀਂ ਹੈ।
- ਕਾਲਜ ਤੋਂ 6 ਦਿਨ ਤੱਕ ਦੀ ਛੁੱਟੀ ਦੀ ਅਰਜੀ ਸੰਬੰਧਿਤ ਟਿਊਟਰ ਮੰਨਜ਼ੂਰ ਕਰੇਗਾ।
- 6 ਤੋਂ 12 ਦਿਨਾਂ ਤੱਕ ਦੀ ਛੁੱਟੀ ਲਈ ਸੰਬੰਧਿਤ ਸੀਨੀਅਰ ਟਿਊਟਰ ਮੰਨਜ਼ੂਰ ਕਰੇਗਾ।
- 12 ਦਿਨਾਂ ਤੋ ਵੱਧ ਕੋਈ ਵੀ ਛੁੱਟੀ ਟਿਊਟਰ ਤੇ ਸੀਨੀਅਰ ਟਿਊਟਰ ਦੀ ਸਿਫਾਰਸ਼ ਉਪਰੰਤ ਪ੍ਰਿੰਸੀਪਲ ਦੁਆਰਾ ਮੰਨਜ਼ੂਰ ਕੀਤੀ ਜਾਵੇਗੀ।
- ਕਾਲਜ ਨਾਲ ਸੰਬੰਧਿਤ ਕਿਸੇ ਵੀ ਗਤੀਵਿਧੀ ਵਿੱਚ ਭਾਗ ਲੈਣ ਲਈ ਭੇਜੇ ਗਏ ਵਿਦਿਆਰਥੀ ਸੰਬੰਧਿਤ ਇੰਚਾਰਜ ਅਧਿਆਪਕ ਦੀ ਸਿਫਾਰਿਸ਼ ਕਰਵਾ ਕੇ ਆਪਣੀ ਛੁੱਟੀ ਦੀ ਅਰਜ਼ੀ ਮਨਜ਼ੂਰ ਕਰਵਾਉਣ ਲਈ ਟਿਊਟਰ ਨੂੰ ਦੇਣਗੇ। ਛੁੱਟੀ ਜਾਣ ਤੋਂ ਪਹਿਲਾਂ ਵਿਦਿਆਰਥੀ ਆਪਣੇ ਵਿਸ਼ਿਆਂ ਨਾਲ ਸਬੰਧਿਤ ਅਧਿਆਪਕ ਸਾਹਿਬਾਨ ਨੂੰ ਇਸ ਸਬੰਧੀ ਨੋਟ ਕਰਵਾਕੇ ਜਾਣਗੇ। ਵਿਦਿਆਰਥੀ ਛੁੱਟੀ ਦੇ ਬਿਨੈ–ਪੱਤਰ ਦੀ ਫੋਟੋ ਕਾਪੀ ਵੀ ਇੰਚਾਰਜ ਅਤੇ ਟਿਊਟਰ ਦੇ ਹਸਤਾਖਰ ਕਰਵਾ ਕੇ ਆਪਣੇ ਪਾਸ ਰੱਖਣਗੇ। ਇਸ

ਤੋਂ ਬਿਨਾਂ ਹਾਜ਼ਰੀਆਂ ਦੀ ਘਾਟ ਪੂਰੀ ਨਹੀਂ ਕੀਤੀ ਜਾਵੇਗੀ। ਇਹ ਸਹੂਲਤ ਕੇਵਲ ਕਾਲਜ ਵੱਲੋਂ ਭੇਜੇ ਗਏ ਅਧਿਕਾਰਿਤ ਵਿਦਿਆਰਥੀ ਨੂੰ ਹੀ ਮਿਲੇਗੀ।

## ਪੁਨਰ ਦਾਖਲਾ

- ਜਿਹੜਾ ਵਿਦਿਆਰਥੀ ਕਾਲਜ ਵਿੱਚੋਂ ਲਗਾਤਾਰ 10 ਦਿਨ ਗੈਰਹਾਜ਼ਰ ਰਹਿੰਦਾ ਹੈ, ਉਸਦਾ ਨਾਂ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ। ਅਜਿਹਾ ਵਿਦਿਆਰਥੀ ਨਾਂ ਕੱਟਣ ਦੀ ਮਿਤੀ ਤੋਂ ਦੋ ਹਫਤੇ )Two Weeks) ਦੇ ਵਿੱਚ-ਵਿੱਚ ਪ੍ਰਿੰਸੀਪਲ ਤੋਂ ਮੰਨਜ਼ੂਰੀ ਲੈ ਕੇ ਪੁਨਰ ਦਾਖਲਾ ਫੀਸ ਭਰਨ ਉਪਰੰਤ ਦਾਖਲਾ ਲੈ ਸਕਦਾ ਹੈ। ਪੁਨਰ ਦਾਖਲਾ ਕੇਵਲ ਦੋ ਵਾਰ ਹੀ ਲਿਆ ਜਾ ਸਕਦਾ ਹੈ।

## ਜੁਰਮਾਨੇ ਦੇ ਨਿਯਮ

- ਬਿਨਾਂ ਆਗਿਆ ਕਾਲਜ ਵਿੱਚੋ ਗੈਰਹਾਜ਼ਰ ਰਹਿਣ ਵਾਲੇ ਵਿਦਿਆਰਥੀਆਂ ਨੂੰ ਪ੍ਰਤੀ ਪੀਰੀਅਡ 25 ਪੈਸੇ ਤੇ ਇਕ ਤੋ ਵੱਧ ਪੀਰੀਅਡਾਂ ਲਈ ਪ੍ਰਤੀਦਿਨ 50 ਪੈਸੇ ਜੁਰਮਾਨਾ ਲੱਗੇਗਾ। ਪੰਜਾਬ ਸਰਕਾਰ ਵੱਲੋਂ ਸਮੇਂ–ਸਮੇਂ ਸਿਰ ਆਏ ਪੱਤਰਾਂ ਅਨੁਸਾਰ ਜੁਰਮਾਨੇ ਦੀ ਰਾਸ਼ੀ ਬਦਲ ਸਕਦੀ ਹੈ।
- ਅਨੁਸ਼ਾਸਨਹੀਣਤਾ ਜਾਂ ਕਾਲਜ ਦੀ ਸੰਪਤੀ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਉਣ ਤੇ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ। ਜਿਸ ਦਾ ਫੈਸਲਾ ਅਨੁਸ਼ਾਸਨੀ ਕਮੇਟੀ ਕਰੇਗੀ।

## ਟਿਊਟੋਰੀਅਲ ਗਰੁੱਪ

- ਕਾਲਜ ਦੇ ਹਰ ਵਿਦਿਆਰਥੀ ਨੂੰ ਇੱਕ ਟਿਊਟੋਰੀਅਲ ਗਰੁੱਪ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਟਿਊਟਰ ਆਪਣੇ ਗਰੁੱਪ ਦੇ ਵਿਦਿਆਰਥੀਆਂ ਦੀ ਕਾਲਜ ਵਿੱਚ ਸਰਵ ਪੱਖੀ ਉੱਨਤੀ ਦਾ ਧਿਆਨ ਰੱਖਦੇ ਹਨ।
- ਕਿਸੇ ਵੀ ਵਿਦਿਆਰਥੀ ਨੂੰ ਗਰੁੱਪ ਬਦਲਣ ਦੀ ਆਗਿਆ ਨਹੀਂ ਹੋਵੇਗੀ ।
- ਹਰ ਵਿਦਿਆਰਥੀ ਲਈ ਸਮੇਂ–ਸਮੇਂ ਹੋਣ ਵਾਲੀਆਂ ਟਿਊਟੋਰੀਅਲ ਗਰੁੱਪ ਮੀਟਿੰਗਾਂ ਵਿੱਚ ਹਾਜ਼ਰ ਹੋਣਾ ਜਰੂਰੀ ਹੈ। ਗੈਰਹਾਜ਼ਰ ਵਿਦਿਆਰਥੀ ਨੂੰ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।
- ਵਿਦਿਆਰਥੀ ਕਾਲਜ ਵਿੱਚ ਆਪਣੀਆਂ ਵੱਖ-ਵੱਖ Extra-Curricular Activities ਅਤੇ ਪ੍ਰਾਪਤੀਆਂ ਦੀ ਰਿਪੋਰਟ ਸਮੇਂ-ਸਮੇਂ ਸਿਰ ਆਪਣੇ ਟਿਊਟਰ ਦੇ ਰਿਕਾਰਡ ਵਿੱਚ ਦਰਜ ਕਰਵਾਉਣਾ ਯਕੀਨੀ ਬਣਾਉਣ ।

- ਟਿਊਟਰ ਆਪਣੇ ਗਰੁੱਪ ਦੇ ਵਿਦਿਆਰਥੀਆਂ ਦੀ ਉੱਨਤੀ ਦਾ ਰਿਕਾਰਡ ਰੱਖਣਗੇ ਅਤੇ ਉਹਨਾਂ ਦੇ ਆਚਰਣ ਸਰਟੀਫਿਕੇਟ ਤੋਂ ਇਲਾਵਾ ਉਹਨਾਂ ਦੀ ਵਿੱਦਿਅਕ ਉੱਨਤੀ ਰਿਪੋਰਟ ਤੇ ਟਿੱਪਣੀ ਵੀ ਕਰਨਗੇ।

## ਫੀਸਾਂ ਤੇ ਖਰਚਿਆਂ ਸੰਬੰਧੀ ਜਾਣਕਾਰੀ

- ਹਰ ਕੋਰਸ਼ ਲਈ ਨਿਸ਼ਚਿਤ ਫੀਸ ਅਤੇ ਫੰਡ ਪੇਸ਼ਗੀ ਵਸੂਲ ਕੀਤੇ ਜਾਣਗੇ। ਸਾਰੇ ਸਾਲ ਦੀ ਫੀਸ ਦਾਖਲੇ ਸਮੇਂ ਹੀ ਲਈ ਜਾਵੇਗੀ।
- ਫੀਸ ਕੇਵਲ ਆਨਲਾਇਨ ਹੀ ਲਈ ਜਾਵੇਗੀ।
- ਫੰਡ, ਫੀਸ ਤੇ ਜੁਰਮਾਨਾਂ ਸਮੇਂ ਸਿਰ ਨਾ ਭਰੇ ਜਾਣ ਦੀ ਸੂਰਤ ਵਿੱਚ ਕਾਲਜ ਵਿੱਚੋਂ ਨਾਮ ਕੱਟ ਦਿੱਤਾ ਜਾਵੇਗਾ।
- ਫੀਸਾਂ, ਫੰਡਾਂ ਵਿੱਚ ਸਰਕਾਰ ਜਾਂ ਯੂਨੀਵਰਸਿਟੀ ਵੱਲੋ ਜੇਕਰ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਬਣਦੀ ਰਕਮ ਵਸੂਲ ਕੀਤੀ ਜਾਵੇਗੀ ਜਾਂ ਵਾਪਿਸ ਕੀਤੀ ਜਾਵੇਗੀ। ਜੋ ਵੀ ਅਦਾਇਗੀ ਕੀਤੀ ਜਾਂਦੀ ਹੈ ਉਸ ਦੀ ਰਸੀਦ ਲੈਣਾ ਯਕੀਨੀ ਬਣਾਈਆ ਜਾਵੇ।
- ਅਨੁਸੂਚਿਤ ਜਾਤੀ ਦੇ ਵਿਦਿਆਰਥੀ ਜਿੰਨਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2.50 ਲੱਖ ਤੋਂ ਘੱਟ ਹੈ, ਆਪਣਾ ਜਾਤੀ ਸਰਟੀਫਿਕੇਟ ਅਤੇ ਸਵੈ–ਘੋਸ਼ਣਾ ਫਾਰਮ, ਫੀਸ ਭਰਨ ਤੋਂ ਪਹਿਲਾਂ ਜਮ੍ਹਾਂ ਕਰਵਾਉਣਾ ਯਕੀਨੀ ਬਣਾਉਣ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਪੂਰੀ ਫੀਸ ਵਸੂਲੀ ਜਾਵੇਗੀ ਅਤੇ ਸੋਸ਼ਲ ਵੈਲਫੇਅਰ ਵਿਭਾਗ ਤੋਂ ਇਹ ਰਾਸ਼ੀ ਮਿਲਣ ਉਪਰੰਤ ਹੀ ਵਾਪਿਸ ਕੀਤੀ ਜਾਵੇਗੀ।
- ਕਾਲਜ ਛੱਡਣ ਵਾਲੇ ਵਿਦਿਆਰਥੀਆਂ ਵੱਲੋਂ ਇੱਕ ਸਾਲ ਦੇ ਅੰਦਰ-ਅੰਦਰ ਸਿਕਿਉਰਟੀ ਨਾ ਕਲੇਮ ਕੀਤੇ ਜਾਣ ਤੇ ਇਹ ਜਬਤ ਹੋ ਜਾਵੇਗੀ।

# ਵਜੀਫੇ

## ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ

ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਵਿਮੁਕਤ ਜਾਤੀਆਂ ਅਤੇ ਘੱਟ ਆਮਦਨ ਗਰੁੱਪ ਦੇ ਵਿਦਿਆਰਥੀਆਂ ਨੂੰ ਕਾਲਜ/ਯੂਨੀਵਰਸਿਟੀ ਪੱਧਰ ਤੇ ਪੜ੍ਹਾਈ ਲਈ ਜਿਹਨਾਂ ਸਕੀਮਾਂ ਅਧੀਨ ਜੋ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ, ਉਹ ਹੇਠ ਲਿਖੇ ਅਨੁਸਾਰ ਹਨ:

- ਭਾਰਤ ਸਰਕਾਰ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਪੰਜਾਬ ਰਾਜ ਦੇ ਪੱਕੇ ਵਸਨੀਕ, ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਵਿਦਿਆਰਥੀ, ਜੋ ਭਾਰਤ ਦੇ ਕਿਸੇ ਵੀ ਹਿੱਸੇ ਵਿੱਚ ਪੋਸਟ ਮੈਟ੍ਰਿਕ ਸੈਕੰਡਰੀ ਸਟੇਜ ਤੇ ਸਿੱਖਿਆ ਪ੍ਰਾਪਤ ਕਰ ਰਹੇ ਹੋਣ, ਇਸ ਸਕੀਮ ਅਧੀਨ ਵਜੀਫੇ ਪ੍ਰਾਪਤ ਕਰ ਸਕਦੇ ਹਨ, ਬਸ਼ਰਤੇ ਪਰਿਵਾਰ ਦੇ ਸਾਰੇ ਵਸੀਲਿਆਂ ਤੋਂ ਸਾਲਾਨਾ ਆਮਦਨ 2.50 ਲੱਖ ਰੁਪਏ ਤੋਂ ਵੱਧ ਨਾ ਹੋਵੇ।(ਹਵਾਲਾ : ਸੰਯੁਕਤ ਸਕੱਤਰ ਭਲਾਈ, ਪੰਜਾਬ ਸਰਕਾਰ, ਭਲਾਈ ਵਿਭਾਗ (ਭਲਾਈ ਸੈਲ ਨਾਨ ਪਲਾਨ) ਦਾ ਦਫਤਰ ਪੱਤਰ ਨੰਬਰ 3/74/07–ਐਸ.ਏ –11/2244–2249 ਮਿਤੀ ਚੰਡੀਗੜ੍ਹ 11–7–2007)। ਇਹ ਵਿਦਿਆਰਥੀ ਕਾਲਜ ਵਿੱਚ ਦਾਖਲੇ ਤੋਂ ਤੁਰੰਤ ਬਾਅਦ ਵਜੀਫਾ ਫਾਰਮ ਮੁਕੰਮਲ ਕਰਕੇ ਦੇਣਗੇ। ਜੇਕਰ ਵਜੀਫਾ ਨਹੀਂ ਲੈਣਾ ਜਾਂ ਵਜੀਫੇ ਲਈ ਅਯੋਗ ਹੋਣ, ਤਾਂ ਇਸ ਬਾਰੇ ਪੂਰੀ ਸੂਚਨਾ ਦਫਤਰ ਵਿੱਚ ਦੇਣਗੇ ਅਤੇ ਬਣਦੀ ਫੀਸ ਜਮਾਂ ਕਰਵਾਉਣਗੇ। ਸਕਾਲਰਸ਼ਿਪ ਲੈਣ ਲਈ ਵਿਦਿਆਰਥੀ ਦਾ ਆਪਣਾ ਬੈਂਕ ਖਾਤਾ ਨੰਬਰ ਅਤੇ ਆਧਾਰ ਕਾਰਡ ਹੋਣਾ ਅਤਿ ਜਰੂਰੀ ਹੈ।

**(ਨੋਟ: ਵਿਦਿਆਰਥੀਆਂ ਨੂੰ ਵਜੀਫਿਆਂ ਦੀ ਅਦਾਇਗੀ ਉਹਨਾਂ ਦੇ ਆਨ ਲਾਈਨ ਖਾਤਿਆਂ ਵਿੱਚ ਕੀਤੀ ਜਾਣੀ ਹੈ ਇਸ ਲਈ ਉਹਨਾਂ ਦਾ ਬੈਂਕ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਖਾਤੇ ਸੰਬੰਧੀ ਵੇਰਵੇ ਸਹੀ ਹੋਣ। ਬੈਂਕ ਖਾਤੇ ਸੰਬੰਧੀ ਕਿਸੇ ਤਰ੍ਹਾਂ ਦੀ ਸੂਚਨਾ ਗਲਤ ਹੋਣ ਕਰਕੇ ਅਦਾਇਗੀ ਨਾ ਹੋਣ ਦੀ ਜਿੰਮੇਵਾਰੀ ਸੰਬੰਧਿਤ ਵਿਦਿਆਰਥੀ ਦੀ ਹੋਵੇਗੀ।)**

ਇਸ ਸਕੀਮ ਅਧੀਨ ਸਾਲ 2008–09 ਤੋਂ ਯੋਗ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਜਿਨ੍ਹਾਂ ਦੇ ਮਾਪਿਆਂ, ਸਰਪ੍ਰਸਤਾਂ ਦੀ ਸਲਾਨਾ ਆਮਦਨ 2.50 ਲੱਖ ਰੁਪਏ ਤੋਂ ਵੱਧ ਨਾ ਹੋਵੇ ਤੋਂ ਟਿਊਸ਼ਨ ਫੀਸ ਅਤੇ ਨਾਨ ਰਿਫੰਡੇਬਲ ਕੰਪਲਸਰੀ ਫੀਸਾਂ, ਪੋਸਟ ਮੈਟਰਿਕ ਸਕਾਲਰਸ਼ਿਪ ਤਹਿਤ ਕਵਰ ਹੁੰਦੀਆਂ ਹਨ। ਇਸ ਅਧੀਨ ਕਵਰ ਹੁੰਦੇ ਯੋਗ ਵਿਦਿਆਰਥੀ ਫੀਸ ਭਰਨ ਤੋਂ ਪਹਿਲਾਂ ਵਜੀਫਾ ਕਲਰਕ ਨਾਲ ਸੰਪਰਕ ਕਰਨ।

## ਘੱਟ ਗਿਣਤੀ ਸਮੁਦਾਏ ਦੇ ਵਿਦਿਆਰਥੀਆਂ ਲਈ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ

ਇਸ ਸਕੀਮ ਅਧੀਨ 2008–09 ਤੋਂ ਯੋਗ ਘੱਟ ਗਿਣਤੀ ਸਮੁਦਾਏ (ਸਿੱਖ, ਮੁਸਲਿਮ, ਇਸਾਈ, ਬੋਧੀ ਅਤੇ ਪਾਰਸੀ) ਨਾਲ ਸੰਬੰਧਤ ਵਿਦਿਆਰਥੀਆਂ ਨੂੰ ਜਿਨ੍ਹਾਂ ਦੇ ਮਾਪਿਆਂ, ਸਰਪ੍ਰਸਤਾਂ ਦੀ ਸਲਾਨਾ ਆਮਦਨ ਦੋ ਲੱਖ ਰੁਪਏ ਤੋਂ ਵੱਧ ਨਾ ਹੋਵੇ ਅਤੇ ਵਿਦਿਆਰਥੀ ਵੱਲੋਂ ਪਿਛਲੀ ਕਲਾਸ ਦੌਰਾਨ ਫਾਈਨਲ ਇਮਤਿਹਾਨ ਵਿੱਚ ਘੱਟੋ ਘੱਟ 50% ਅੰਕ ਪ੍ਰਾਪਤ ਕੀਤੇ ਹੋਣ ਨੂੰ ਲਾਭ ਦਿੱਤਾ ਜਾਂਦਾ ਹੈ। ਇਸ ਲਈ ਇਸ ਅਧੀਨ ਕਵਰ ਹੁੰਦੇ ਯੋਗ ਵਿਦਿਆਰਥੀ ਦਾਖਲ ਹੋਣ ਉਪਰੰਤ ਵਜੀਫਾ ਕਲਰਕ ਨਾਲ ਸੰਪਰਕ ਕਰਨ।(ਹਵਾਲਾ: ਡਾਇਰੈਕਟਰ ਸਿੱਖਿਆ ਵਿਭਾਗ (ਕਾਲਜ਼) ਪੰਜਾਬ ਚੰਡੀਗੜ੍ਹ ਦੇ ਪੱਤਰ ਨੰਬਰ 1126–2/9–2007 ਸਕਾ–(8) ਮਿਤੀ 30–2–2008।

## ਘੱਟ ਆਮਦਨ ਵਰਗ ਲਈ ਵਜੀਫੇ (Central Sector Scheme of Scholarship- Merit-cum-Means Scholarship Scheme)

This scholarship scheme for College and University students is a merit cum means scholarship for those students who meet the following conditions:-

- Students who are above 80th Percentile of successful candidates in the relvevant scheme, from a particular board of examination in class 12th.
- Pursuing regular course
- Having family income of less than Rs. 8.00 Lakh per annum.
- Not receiving any other scholarship and fee reimbursement of any kind.
- Diploma students not eligible under the scheme.

***For more details, contact the scholarship clerk in college office.**

## ਵੱਖ ਵੱਖ ਸੰਸਥਾਵਾਂ ਵੱਲੋ ਦਿੱਤੇ ਜਾਂਦੇ ਮੈਰਿਟ ਆਧਾਰਿਤ ਵਜੀਫੇ

- ਬੀ.ਐਸ.ਸੀ. (ਮੈਡੀਕਲ, ਨਾਨ–ਮੈਡੀਕਲ) ਦੇ ਵਿਦਿਆਰਥੀਆਂ ਲਈ 80,000/– ਰੁਪਏ ਸਾਲਾਨਾ ਵਜੀਫਾ, ਸੀਨੀਅਰ ਸੈਕੰਡਰੀ/ਬਾਰਵੀਂ (ਸਾਇੰਸ) ਬੋਰਡ ਵਿੱਚੋਂ ਪਹਿਲੇ 1% ਜਾਂ ਆਈ.ਆਈ.ਟੀ ਐਂਟਰੈਂਸ ਵਿੱਚੋਂ ਪਹਿਲੇ 10000 'ਚ ਰੈਂਕ ਹਾਸਲ ਕਰਨ ਵਾਲੇ ਵਿਦਿਆਰਥੀਆਂ ਲਈ।

**(ਨੋਟ-ਉਪਰੋਕਤ ਵਜੀਫਾ ਕਲੇਮ ਕਰਨ ਵਾਲੇ ਵਿਦਿਆਰਥੀਆਂ ਨੂੰ ਸੀਨੀਅਰ ਸੈਕੰਡਰੀ/ ਬਾਰਵੀਂ (ਸਾਇੰਸ) ਬੋਰਡ ਵਿੱਚੋਂ 60% ਅੰਕ ਲੈਣੇ ਜਰੂਰੀ ਹਨ।)**

- ਸੰਸਕ੍ਰਿਤ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਮੈਰਿਟ ਦੇ ਅਧਾਰ ਤੇ ਭਾਰਤ ਸਰਕਾਰ ਵੱਲੋਂ ਰਾਸ਼ਟਰੀ ਸੰਸਕ੍ਰਿਤ ਸੰਸਥਾਨ, ਨਵੀਂ ਦਿੱਲੀ ਅਧੀਨ 400 ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਵਜੀਫਾ ਦਿੱਤਾ ਜਾਂਦਾ ਹੈ। ਇਸ ਲਈ ਉਹ ਵਿਦਿਆਰਥੀ ਯੋਗ ਹੋਣਗੇ ਜਿਨ੍ਹਾਂ ਨੇ ਪਿਛਲੀ ਸ਼੍ਰੇਣੀ 60% ਨੰਬਰਾਂ ਨਾਲ ਪਾਸ ਕੀਤੀ ਹੋਵੇ ਅਤੇ ਸੰਸਕ੍ਰਿਤ ਵਿਸ਼ੇ ਵਿੱਚੋਂ ਵੀ 60% ਨੰਬਰ ਪ੍ਰਾਪਤ ਕੀਤੇ ਹੋਣ।

## ਖਿਡਾਰੀਆਂ ਲਈ ਵਜੀਫੇ

- ਪੰਜਾਬੀ ਯੂਨੀਵਰਸਿਟੀ ਦੇ ਪੱਤਰ ਨੰ: 4810/81/ਕਾਲਜਾਂ ਮਿਤੀ 20–5–2004 ਅਨੁਸਾਰ ਉੱਚ ਕੋਟੀ ਦੇ ਖਿਡਾਰੀਆਂ ਨੂੰ ਸਾਲਾਨਾ 4000 ਰੁ: ਦੀ ਆਰਥਿਕ ਸਹਾਇਤਾ ਰਾਜਾ ਭਲਿੰਦਰ ਸਿੰਘ ਸਪੋਰਟਸ ਇੰਨਸੈਟਿਵ ਸਕੀਮ ਅਧੀਨ ਦਿੱਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਮੁਖੀ ਸਰੀਰਕ ਸਿੱਖਿਆ ਵਿਭਾਗ ਨਾਲ ਸੰਪਰਕ ਕੀਤਾ ਜਾਵੇ।

## ਪੀ.ਟੀ.ਏ. (ਮਾਪੇ–ਅਧਿਆਪਕ ਐਸੋਸੀਏਸ਼ਨ)

- ਕਾਲਜ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੇ ਮਾਤਾ–ਪਿਤਾ ਕਾਲਜ ਵਿੱਚ ਬਣੀ ਹੋਈ ਮਾਪੇ–ਅਧਿਆਪਕ ਐਸੋਸੀਏਸ਼ਨ (ਪੀ.ਟੀ.ਏ.) ਦੇ ਮੈਂਬਰ ਹਨ। ਪੀ. ਟੀ. ਏ. ਦੀ ਜਰਨਲ ਬਾਡੀ ਦੀ ਮੀਟਿੰਗ ਦੀ ਮਿਤੀ ਅਤੇ ਸਮੇਂ ਬਾਰੇ ਜਾਣਕਾਰੀ ਕਾਲਜ ਦੀ ਵੈਬਸਾਇਟ www.grcb.ac.in ਉੱਪਰ ਦਿੱਤੀ ਜਾਂਦੀ ਹੈ। ਸਾਰੇ ਮਾਪੇ ਇਸ ਮੀਟਿੰਗ ਵਿੱਚ ਜ਼ਰੂਰ ਸ਼ਾਮਿਲ ਹੋਣ ਕਿਉਂਕਿ ਇਸ ਮੀਟਿੰਗ ਵਿੱਚ ਨਵੀਂ ਕਾਰਜਕਾਰਨੀ ਮੈਂਬਰਾਂ ਦੀ ਚੋਣ ਕੀਤੀ ਜਾਂਦੀ ਹੈ।

# ਇਨਾਮ

## ਕਾਲਜ ਕਲਰ ਅਤੇ ਰੋਲ ਆਫ਼ ਆਨਰ

- ਜਿਹੜੇ ਵਿਦਿਆਰਥੀ ਵਿੱਦਿਅਕ, ਖੇਡਾਂ, ਸਭਿਆਚਾਰਕ ਗਤੀਵਿਧੀਆਂ ਆਦਿ ਖੇਤਰ ਵਿੱਚ ਵਿਸ਼ੇਸ਼ਤਾ ਪ੍ਰਾਪਤ ਕਰਦੇ ਹਨ, ਉਹਨਾਂ ਦੇ ਨਾਮ ਕਾਲਜ ਦੀ ਰੋਲ ਆਫ਼ ਆਨਰ ਪੁਸਤਕ ਵਿੱਚ ਅੰਕਿਤ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਰੋਲ ਆਫ ਆਨਰ ਪ੍ਰਦਾਨ ਕੀਤੇ ਜਾਂਦੇ ਹਨ। ਇੱਨ੍ਹਾਂ ਲਈ ਸਿਫਾਰਿਸ਼ ਵੱਖ-ਵੱਖ ਸਰਗਰਮੀਆਂ ਦੇ ਇੰਚਾਰਜ ਅਧਿਆਪਕ ਵੱਲੋਂ ਕੀਤੀ ਜਾਂਦੀ ਹੈ ਇਹਨਾਂ ਇਨਾਮਾਂ ਲਈ ਵਿਦਿਆਰਥੀਆਂ ਦੀ ਛਾਣਬੀਣ ਸੰਬੰਧਤ ਕਮੇਟੀ ਦੁਆਰਾ ਕੀਤੀ ਜਾਵੇਗੀ। ਸਬੂਤ ਵਜੋਂ ਲੋੜੀਂਦੇ ਸਰਟੀਫਿਕੇਟ ਚਲੰਤ ਵਿੱਦਿਅਕ ਵਰ੍ਹੇ ਦੌਰਾਨ ਪੇਸ਼ ਕਰਨੇ ਹੁੰਦੇ ਹਨ। ਇਸ ਤੋਂ ਬਾਅਦ ਪੇਸ਼ ਕੀਤੇ ਸਬੂਤ ਅਗਲੇ ਸਾਲ ਲਈ ਵਿਚਾਰੇ ਜਾਦੇਂ ਹਨ ਅਤੇ ਅੰਤਿਮ ਪ੍ਰਵਾਨਗੀ ਕਾਲਜ ਕੌਂਸਲ ਦੀ ਸਹਿਮਤੀ ਨਾਲ ਪ੍ਰਿੰਸੀਪਲ ਵੱਲੋਂ ਦਿੱਤੀ ਜਾਂਦੀ ਹੈ, ਬਸ਼ਰਤੇ ਵਿਦਿਆਰਥੀ ਦਾ ਆਚਰਣ ਬਿਲਕੁਲ ਠੀਕ ਹੋਵੇ। ਜੇਕਰ ਕੋਈ ਵਿਦਿਆਰਥੀ ਕਾਲਜ ਅਨੁਸ਼ਾਸਨ ਭੰਗ ਕਰਦਾ ਹੈ, ਤਾਂ ਉਸ ਦੁਆਰਾ ਪਹਿਲਾਂ ਲਏ ਗਏ ਇਨਾਮ ਵਾਪਿਸ ਲੈ ਲਏ ਜਾਣਗੇ। ਇਕ ਕਲਾਸ ਵਿੱਚ ਦੋ ਸਾਲ ਲਗਾਉਣ ਵਾਲੇ ਵਿਦਿਆਰਥੀ ਇਨਾਮ ਦੇ ਹੱਕਦਾਰ ਨਹੀਂ ਹੋਣਗੇ। ਜੇਕਰ ਕੋਈ ਵਿਦਿਆਰਥੀ ਬਗੈਰ ਕਿਸੇ ਠੋਸ ਕਾਰਨ ਦੇ ਯੂਨੀਵਰਸਿਟੀ ਮੈਚਾਂ ਵਿੱਚ ਕਾਲਜ ਟੀਮ ਵਿੱਚ ਖੇਡਣ ਤੋਂ ਇਨਕਾਰ ਕਰਦਾ ਹੈ, ਜਾਂ ਦੁਰਵਿਵਹਾਰ ਕਰਦਾ ਹੈ ਤਾਂ ਉਹ ਕਾਲਜ ਰੋਲ ਆਫ ਆਨਰ, ਕਾਲਜ ਕਲਰ, ਮੈਰਿਟ ਸਰਟੀਫਿਕੇਟ ਜਾਂ ਇਨਾਮ ਦਾ ਹੱਕਦਾਰ ਨਹੀਂ ਹੋਵੇਗਾ।

## ਰੋਲ ਆਫ ਆਨਰ

### ਯੂਨੀਵਰਸਿਟੀ ਪ੍ਰੀਖਿਆ ਦੇ ਆਧਾਰ ਤੇ

- ਅਕਾਦਮਿਕ ਰੋਲ ਆਫ ਆਨਰ ਉਸ ਵਿਦਿਆਰਥੀ ਨੂੰ ਦਿੱਤਾ ਜਾਦਾ ਹੈ ਜਿਸਨੇ ਬੀ. ਏ., ਐਮ.ਏ., ਬੀ. ਕਾਮ., ਬੀ.ਬੀ.ਏ., ਬੀ. ਸੀ. ਏ. ਅਤੇ ਬੀ. ਐਸ. ਸੀ. ਦੀਆਂ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਪਹਿਲੀਆਂ ਤਿੰਨ ਪੁਜੀਸ਼ਨਾਂ ਵਿੱਚੋ ਕੋਈ ਇਕ ਪੁਜੀਸ਼ਨ ਪ੍ਰਾਪਤ ਕੀਤੀ ਹੋਵੇ। ਇਸ ਲਈ ਕੁੱਲ ਨੰਬਰਾਂ ਦਾ ਘੱਟੋ-ਘੱਟ 60% ਲੈਣਾ ਜ਼ਰੂਰੀ ਹੈ।

- ਬੀ.ਏ. ਆਨਰਜ਼ ਸਕੂਲ ਇਨ ਇਕਨੋਮਿਕਸ ਵਿੱਚ ਯੂਨੀਵਰਸਿਟੀ ਵਿੱਚੋ ਸਿਰਫ ਪਹਿਲੀ ਪੁਜੀਸ਼ਨ ਹਾਸਲ ਕਰਨ ਵਾਲਾ ਵਿਦਿਆਰਥੀ ਇਸ ਦਾ ਹੱਕਦਾਰ ਹੋਵੇਗਾ।

ਖੇਡਾਂ ਵਿੱਚ ਪ੍ਰਾਪਤੀਆਂ ਦੇ ਆਧਾਰ ਤੇ

- ਜਿਸ ਖਿਡਾਰੀ ਨੇ, ਟੀਮ ਮੈਂਬਰ ਦੇ ਤੌਰ ਤੇ ਅੰਤਰ ਰਾਸ਼ਟਰੀ ਪੱਧਰ ਤੇ ਰਾਸ਼ਟਰ ਦੀ ਪ੍ਰਤੀਨਿਧਤਾ ਕੀਤੀ ਹੋਵੇ।
- ਜਿਸ ਖਿਡਾਰੀ ਨੇ ਅੰਤਰ ਯੂਨੀਵਰਸਿਟੀ ਜਾਂ ਰਾਸ਼ਟਰੀ ਪੱਧਰ ਤੇ ਵਿਅਕਤੀਗਤ ਤੌਰ ਤੇ ਪਹਿਲਾ, ਦੂਜਾ ਜਾਂ ਤੀਜਾ, ਟੀਮ ਮੈੱਬਰ ਦੇ ਤੌਰ ਤੇ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕੀ੍ਤਾ ਹੋਵੇ।
- ਯੂਨੀਵਰਸਿਟੀ ਜਾਂ ਸਟੇਟ ਸੀਨੀਅਰ ਚੈਂਪੀਅਨਸ਼ਿਪ ਵਿੱਚ ਨਵਾਂ ਰਿਕਾਰਡ ਸਥਾਪਿਤ ਕਰਨ ਵਾਲਾ ਖਿਡਾਰੀ।
- ਸਟੇਟ (ਸੀਨੀਅਰ) ਜਾਂ ਯੂਨੀਵਰਸਿਟੀ ਟੀਮ ਦਾ ਕਪਤਾਨ। ਸ਼ਰਤ ਇਹ ਹੈ ਕਿ ਉਸ ਨੇ ਕਾਲਜ ਵੱਲੋ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ ਜਾਂ ਉਸ ਨੂੰ ਕਾਲਜ ਵੱਲੋਂ ਭੇਜਿਆ ਗਿਆ ਹੋਵੇ।

  **(ਨੋਟ: ਕੇਵਲ ਉਨ੍ਹਾਂ ਖੇਡ ਮੁਕਾਬਲਿਆਂ ਨੂੰ ਹੀ ਮਾਨਤਾ ਦਿੱਤੀ ਜਾਵੇਗੀ ਜਿਹੜੇ ਪੰਜਾਬੀ ਯੂਨੀਵਰਸਿਟੀ, ਅੰਤਰ-ਯੂਨੀਵਰਸਿਟੀ, ਪੰਜਾਬ ਸਰਕਾਰ ਵੱਲੋਂ ਪ੍ਰਵਾਨਿਤ ਹੋਣਗੇ।)**

ਸਭਿਆਚਾਰਕ ਗਤੀਵਿਧੀਆਂ ਦੇ ਆਧਾਰ ਤੇ

- ਅੰਤਰਰਾਸ਼ਟਰੀ ਪੱਧਰ ਤੇ ਰਾਸ਼ਟਰ ਦੀ ਪ੍ਰਤੀਨਿਧਤਾ ਕਰਨ ਵਾਲੇ ਹਰ ਵਿਦਿਆਰਥੀ ਨੂੰ।

ਰਾਸ਼ਟਰੀ ਪੱਧਰ ਜਾਂ ਅੰਤਰ ਯੂਨੀਵਰਸਿਟੀ ਪੱਧਰ ਤੇ ਵਿਅਕਤੀਗਤ ਤੌਰ ਤੇ ਪਹਿਲਾ, ਦੂਜਾ ਜਾਂ ਤੀਜਾ, ਕਿਸੇ ਆਈਟਮ ਵਿੱਚ ਟੀਮ ਦੇ ਤੌਰ 'ਤੇ ਪਹਿਲੇ ਸਥਾਨ ਤੇ ਆਉਣ ਵਾਲੀ ਟੀਮ ਦੇ 50% ਮੈਂਬਰਾਂ ਜਾਂ ਦੂਸਰੇ ਸਥਾਨ ਤੇ ਰਹਿਣ ਵਾਲੀ ਟੀਮ ਦੇ 25% ਮੈਂਬਰਾਂ ਨੂੰ।

- ਯੂਨੀਵਰਸਿਟੀ ਪੱਧਰ ਤੇ ਦੋ ਗੋਲਡ ਮੈਡਲ ਲੈਣ ਵਾਲੇ ਵਿਦਿਆਰਥੀ ਨੂੰ।

ਐਨ. ਸੀ. ਸੀ. ਦੇ ਅਧਾਰ ਤੇ

- ਜਿਸ ਕੈਡਿਟ ਨੇ ਦਿੱਲੀ ਵਿਖੇ ਗਣਤੰਤਰ ਦਿਵਸ ਪਰੇਡ ਵਿਚ ਭਾਗ ਲਿਆ ਹੋਵੇ ਅਤੇ ਸੀ ਸਰਟੀਫਿਕੇਟ ਪ੍ਰਾਪਤ ਕੀਤਾ ਹੋਵੇ।

### ਐਨ .ਐਸ. ਐਸ. ਦੇ ਅਧਾਰ ਤੇ

- ਜਿਸ ਵਲੰਟੀਅਰ ਨੇ ਯੂਨੀਵਰਸਿਟੀ, ਸਟੇਟ ਜਾਂ ਰਾਸ਼ਟਰੀ ਪੱਧਰ ਤੇ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਹੋਵੇ ਅਤੇ ਸੀ ਸਰਟੀਫਿਕੇਟ ਪ੍ਰਾਪਤ ਕੀਤਾ ਹੋਵੇ।
- ਜਿਸ ਵਲੰਟੀਅਰ ਨੇ ਦਿੱਲੀ ਵਿਖੇ ਗਣਤੰਤਰ ਦਿਵਸ ਪਰੇਡ ਵਿਚ ਭਾਗ ਲਿਆ ਹੋਵੇ ਅਤੇ ਸੀ ਸਰਟੀਫਿਕੇਟ ਪ੍ਰਾਪਤ ਕੀਤਾ ਹੋਵੇ।

## ਕਾਲਜ ਕਲਰ

### ਅਕਾਦਮਿਕ ਅਧਾਰ ਤੇ

- ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਮੈਰਿਟ ਲਿਸਟ ਵਿੱਚ ਆਉਣ ਵਾਲੇ ਸਾਰੇ ਵਿਦਿਆਰਥੀਆਂ ਇਸ ਦੇ ਯੋਗ ਹੋਣਗੇ ।

### ਖੇਡਾਂ ਵਿਚ ਪ੍ਰਾਪਤੀਆਂ ਦੇ ਆਧਾਰ ਤੇ

- ਜਿਸ ਖਿਡਾਰੀ, ਟੀਮ ਮੈਂਬਰ ਦੇ ਤੌਰ ਤੇ ਰਾਸ਼ਟਰੀ ਪੱਧਰ ਤੇ ਸਟੇਟ, ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕੀਤੀ ਹੋਵੇ।
- ਜਿਸ ਖਿਡਾਰੀ ਨੇ ਯੂਨੀਵਰਸਿਟੀ, ਸਟੇਟ ਪੱਧਰ ਤੇ ਵਿਅਕਤੀਗਤ ਤੌਰ ਤੇ ਪਹਿਲਾ, ਦੂਜਾ ਜਾਂ ਤੀਜਾ, ਟੀਮ ਮੈਂਬਰ ਦੇ ਤੌਰ ਤੇ ਪਹਿਲਾ ਜਾਂ  ਦੂਜਾ ਸਥਾਨ ਪ੍ਰਾਪਤ ਕੀਤਾ ਹੋਵੇ।
- ਕਾਲਜ ਦੇ ਸਰਵੋਤਮ ਅਥਲੀਟ (ਲੜਕੇ ਅਤੇ ਲੜਕੀ) ਨੂੰ ਕਾਲਜ ਕਲਰ ਦਿੱਤਾ ਜਾਵੇਗਾ।

**(ਨੋਟ: ਖੇਡਾਂ ਦੇ ਇਨਾਮਾਂ ਦਾ ਫੈਸਲਾ ਕਰਨ ਵੇਲੇ ਵਿਦਿਆਰਥੀ ਦੀ ਕਾਲਜ ਦੀ ਸੀਨੀਆਰਤਾ ਨੂੰ ਪਹਿਲ ਦਿੱਤੀ ਜਾਵੇਗੀ।)**

### ਸੱਭਿਆਚਾਰਕ ਗਤੀਵਿਧੀਆਂ ਦੇ ਅਧਾਰ ਤੇ

- ਅੰਤਰ ਕਾਲਜ ਮੁਕਾਬਲਿਆਂ ਵਿੱਚ ਤਿੰਨ ਟਰਾਫੀਆਂ ਅਤੇ ਘੱਟੋ ਘੱਟ ਇੱਕ ਪਹਿਲਾ  ਇਨਾਮ ਜਿੱਤਣ ਵਾਲਾ ਵਿਦਿਆਰਥੀ।
- ਅੰਤਰ ਕਾਲਜ ਮੁਕਾਬਲਿਆਂ ਵਿੱਚ ਤਿੰਨ ਪਹਿਲੇ ਜਾਂ ਦੋ ਪਹਿਲੇ, ਇੱਕ ਦੂਜਾ ਇਨਾਮ ਅਤੇ ਇੱਕ ਤੀਜਾ ਜਾਂ ਇੱਕ ਪਹਿਲਾ ਜਾਂ ਤਿੰਨ ਦੂਜੇ ਇਨਾਮ ਪ੍ਰਾਪਤ ਕਰਨ ਵਾਲਾ ਵਿਦਿਆਰਥੀ।(ਹਰੇਕ ਟਰਾਫੀ ਦੇ ਦੋ ਪੁਆਇੰਟ, ਪਹਿਲੇ ਇਨਾਮ ਦੇ ਤਿੰਨ ਪੁਆਇੰਟ, ਦੂਜੇ ਇਨਾਮ ਦੇ ਦੋ ਪੁਆਇੰਟ, ਤੀਜੇ ਜਾਂ ਕੰਨਸੋਲੇਸ਼ਨ

ਇਨਾਮ ਦਾ ਇੱਕ ਪੁਆਇੰਟ) ਇਸ ਅਨੁਸਾਰ 9 ਪੁਆਇੰਟ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਕਾਲਜ ਕਲਰ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ।

- ਖੇਤਰੀ ਯੁਵਕ ਮੇਲੇ ਵਿੱਚ ਵਿਅਕਤੀਗਤ ਤੌਰ ਤੇ ਪਹਿਲਾ ਸਥਾਨ, ਪਹਿਲੇ ਸਥਾਨ ਤੇ ਆਉਣ ਵਾਲੀ ਟੀਮ ਦੇ 50% ਮੈਂਬਰ, ਦੂਸਰੇ ਸਥਾਨ ਤੇ ਰਹਿਣ ਵਾਲੀ ਟੀਮ ਦੇ 25% ਮੈਂਬਰ ਕਾਲਜ ਕਲਰ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ।
- ਅੰਤਰ ਖੇਤਰੀ ਯੁਵਕ ਮੇਲੇ ਵਿੱਚ ਵਿਅਕਤੀਗਤ ਤੌਰ ਤੇ ਪਹਿਲੇ ਅਤੇ ਦੂਸਰੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ, ਪਹਿਲੇ ਸਥਾਨ ਤੇ ਆਉਣ ਵਾਲੀ ਟੀਮ ਦੇ ਸਾਰੇ ਮੈਂਬਰ ਅਤੇ ਦੂਸਰੇ ਸਥਾਨ ਤੇ ਆਉਣ ਵਾਲੀ ਟੀਮ ਦੇ 50% ਮੈਂਬਰ ਕਾਲਜ ਕਲਰ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ।

### ਐਨ.ਸੀ.ਸੀ. ਦੇ ਅਧਾਰ ਤੇ

- ਐਨ.ਸੀ.ਸੀ. ਦਾ 'ਬੀ' ਜਾਂ 'ਸੀ' ਸਰਟੀਫਿਕੇਟ ਪ੍ਰਾਪਤ ਕੀਤਾ ਹੋਵੇ ਅਤੇ ਕੰਬਾਈਨਡ ਵਾਰਸ਼ਿਕ ਟਰੇਨਿੰਗ ਕੈਂਪ ਜਾਂ ਸਾਲਾਨਾ ਟਰੇਨਿੰਗ ਕੈਂਪ ਦੇ ਕਿਸੇ ਮੁਕਾਬਲੇ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕੀਤਾ ਹੋਵੇ, ਆਰਮੀ ਅਟੈਚਮੈਂਟ ਕੈਂਪ ਜਾਂ ਕੋਈ ਰਾਸ਼ਟਰੀ ਪੱਧਰ ਦੇ ਕੈਂਪ ਵਿਚ ਕਾਲਜ ਜਾਂ ਬਟਾਲੀਅਨ ਦੇ ਪੱਧਰ ਤੇ ਸਰਵੋਤਮ ਕੈਡਿਟ ਘੋਸ਼ਿਤ ਕੀਤਾ ਗਿਆ ਕੈਡਿਟ ਕਾਲਜ ਕਲਰ ਦੇ ਯੋਗ ਹੋਵੇਗਾ।
- ਐਨ. ਸੀ. ਸੀ. ਯੂਨਿਟ ਦੇ ਬੈਸਟ ਕੈਡਿਟ ਜਾਂ ਬੈਸਟ ਸ਼ੂਟਰ ਨੂੰ ਕਾਲਜ ਕਲਰ ਪ੍ਰਦਾਨ ਕੀਤਾ ਜਾਵੇਗਾ।
- ਐਨ.ਸੀ.ਸੀ. ਦੀਆਂ ਇੰਟਰ ਗਰੁੱਪ ਗਤੀਵਿਧਿਆਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਕੈਡਿਟ ਨੂੰ ਕਾਲਜ ਕਲਰ ਪ੍ਰਦਾਨ ਕੀਤਾ ਜਾਵੇਗਾ।

**(ਨੋਟ: ਉਪਰੋਕਤ ਨਿਯਮਾਂ ਅਨੁਸਾਰ ਜੇਕਰ ਕੋਈ ਵੀ ਕੈਡਟ ਕਾਲਜ ਕਲਰ ਦੇ ਯੋਗ ਨਹੀਂ ਠਹਿਰਦਾ ਤਾਂ ਉਸ ਵਿਦਿਅਕ ਵਰ੍ਹੇ ਵਿੱਚ ਕਾਲਜ ਪੱਧਰ ਤੇ ਰਹੇ ਸਰਵੋਤਮ ਕੈਡਟ ਲੜਕੇ ਅਤੇ ਲੜਕੀ ਨੂੰ ਕਾਲਜ ਕਲਰ ਦਿੱਤਾ ਜਾਵੇਗਾ।)**

### ਐਨ. ਐਸ. ਐਸ. ਦੇ ਅਧਾਰ ਤੇ

ਜੇ ਕੋਈ ਵਲੰਟੀਅਰ ਪੰਜਾਬੀ ਯੂਨੀਵਰਸਿਟੀ ਜਾਂ ਪੰਜਾਬ ਸਰਕਾਰ ਵੱਲੋਂ ਲਗਾਏ ਗਏ ਕੈਂਪ ਵਿੱਚ ਸਰਵੋਤਮ ਕੈਂਪਰ ਐਲਾਨਿਆ ਜਾਂਦਾ ਹੈ ਜਾਂ ਅੰਤਰ—ਰਾਸ਼ਟਰੀ ਪੱਧਰ ਦੇ ਪ੍ਰੋਗ੍ਰਾਮ ਵਿੱਚ ਵਿਸ਼ੇਸ਼ ਉਪਲੱਬਧੀ ਹਾਸਿਲ ਕਰਦਾ ਹੈ ਤਾਂ ਉਹ ਕਾਲਜ ਕਲਰ ਦੇ ਯੋਗ ਸਮਝਿਆ ਜਾਵੇਗਾ। ਕਾਲਜ ਕਲਰ ਵਾਸਤੇ ਹੇਠ ਲਿਖੀਆਂ ਸਾਰੀਆਂ ਯੋਗਤਾਵਾਂ ਜ਼ਰੂਰੀ ਹਨ:

- ਐਨ ਐਸ ਐਸ ਦਾ ਸ਼ਲਾਘਾਯੋਗ ਮੈਂਬਰ ਰਿਹਾ ਹੋਵੇ ਤੇ ਦੋ ਵਾਰ ਖ਼ੂਨ ਦਾਨ ਕੀਤਾ ਹੋਵੇ ਜਾਂ ਦੋ ਵਾਰੀ ਤਿੰਨ ਮਹੀਨਿਆਂ ਲਈ ਬਾਲਗ ਸਿੱਖਿਆ ਕੇਂਦਰ ਵਿਖੇ ਪੜ੍ਹਾਇਆ ਹੋਵੇ।
- ਕਾਲਜ, ਯੂਨੀਵਰਸਿਟੀ ਦੇ ਸੱਤ ਦਿਨਾਂ ਦੇ ਘੱਟੋ–ਘੱਟ ਤਿੰਨ ਕੈਂਪ ਲਗਾਏ ਹੋਣ।
- 'ਬੀ' ਸਰਟੀਫਿਕੇਟ ਪ੍ਰਾਪਤ ਕੀਤਾ ਹੋਵੇ।

**(ਨੋਟ: ਉਪਰੋਕਤ ਨਿਯਮਾਂ ਅਨੁਸਾਰ ਜੇਕਰ ਕੋਈ ਵੀ ਵਲੰਟੀਅਰ ਕਾਲਜ ਕਲਰ ਦੇ ਯੋਗ ਨਹੀਂ ਠਹਿਰਦਾ ਤਾਂ ਉਸ ਵਿਦਿਅਕ ਵਰ੍ਹੇ ਵਿੱਚ ਸਰਵੋਤਮ ਇਕ ਲੜਕੇ ਅਤੇ ਇਕ ਲੜਕੀ (ਸਾਰੇ ਯੂਨਿਟਾਂ ਨੂੰ ਮਿਲਾ ਕੇ) ਨੂੰ ਕਾਲਜ ਕਲਰ ਦਿੱਤਾ ਜਾਵੇਗਾ।)**

**ਯੁਵਾ ਕਲੱਬ (ਪੰਜਾਬ ਯੁਵਕ ਸੇਵਾਵਾਂ)**

- ਜੋ ਵਲੰਟੀਅਰ ਡਾਇਰੈਕਟਰ ਯੂਥ ਸਰਵਿਸ਼ਜ਼, ਪੰਜਾਬ (ਚੰਡੀਗੜ੍ਹ) ਵੱਲੋਂ ਲਗਾਏ ਗਏ ਕੈਂਪ ਵਿੱਚ ਸਰਵੋਤਮ ਕੈਂਪਰ ਐਲਾਨਿਆ ਗਿਆ ਹੋਵੇ ਹੈ ਜਾਂ ਜਿਸ ਨੇ ਅੰਤਰ—ਰਾਸ਼ਟਰੀ ਪੱਧਰ ਦੇ ਪ੍ਰੋਗਰਾਮ ਵਿੱਚ ਭਾਗ ਲਿਆ ਹੋਵੇ, ਉਹ ਕਾਲਜ ਕਲਰ ਦੇ ਯੋਗ ਸਮਝਿਆ ਜਾਵੇਗਾ।

ਰੈੱਡ ਕਰਾਸ

- ਰਾਜ ਪੱਧਰ ਮੁਕਾਬਲੇ ਤੇ ਵਿਅਕਤੀਗਤ ਤੌਰ ਤੇ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਸਕਾਉਟਸ ਨੂੰ ਕਾਲਜ ਕਲਰ ਦਿੱਤਾ ਜਾਂਦਾ ਹੈ।
- ਰਾਜ ਪੱਧਰ ਮੁਕਾਬਲੇ ਤੇ ਕਾਲਜ ਦੀ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਸਾਰੇ ਸਕਾਉਟਸ ਨੂੰ ਕਾਲਜ ਕਲਰ ਦਿੱਤਾ ਜਾਂਦਾ ਹੈ।

## ਮੈਰਿਟ ਸਰਟੀਫਿਕੇਟ

- ਮੈਰਿਟ ਸਰਟੀਫਿਕੇਟ ਉਸ ਵਿਦਿਆਰਥੀ ਨੂੰ ਪ੍ਰਦਾਨ ਕੀਤਾ ਜਾਂਦਾ ਹੈ ਜਿਸ ਨੇ ਸੱਭਿਆਚਾਰਕ ਮੁਕਾਬਲਿਆਂ ਵਿੱਚ ਘੱਟੋ ਘੱਟ ਪੰਜ ਪੁਆਇੰਟ ਪ੍ਰਾਪਤ ਕੀਤੇ ਹੋਣ। (ਹਰੇਕ ਟਰਾਫੀ ਦੇ ਦੋ ਪੁਆਇੰਟ, ਪਹਿਲੇ ਇਨਾਮ ਦੇ ਤਿੰਨ ਪੁਆਇੰਟ, ਦੂਜੇ ਇਨਾਮ ਦੇ ਦੋ ਪੁਆਇੰਟ, ਤੀਜੇ ਜਾਂ ਕੰਨਸੋਲੇਸ਼ਨ ਇਨਾਮ ਦਾ ਇੱਕ ਪੁਆਇੰਟ )
- ਖੇਤਰੀ ਯੁਵਕ ਮੇਲੇ ਵਿੱਚ ਪਹਿਲੇ ਜਾਂ ਦੂਸਰੇ ਸਥਾਨ ਤੇ ਆਉਣ ਵਾਲੀ ਟੀਮ ਦੇ ਉਹ ਮੈਂਬਰ ਜਿੰਨ੍ਹਾ ਨੂੰ ਕਾਲਜ ਕਲਰ ਨਹੀਂ ਮਿਲਿਆ।

- ਕਿਸੇ ਦੂਸਰੇ ਕਾਲਜ, ਸੰਸਥਾ ਵੱਲੋਂ ਕਰਵਾਏ ਜਾਣ ਵਾਲੇ ਮੁਕਾਬਲਿਆਂ ਵਿੱਚ ਪਹਿਲੀ ਪੁਜੀਸ਼ਨ ਹਾਸਲ ਕਰਨ ਵਾਲਾ ਵਿਦਿਆਰਥੀ (ਪਰ ਭਾਗ ਲੈਣ ਵਾਸਤੇ ਇਸ ਕਾਲਜ ਦੀ ਸਿਫਾਰਸ਼ ਹੋਣਾ ਜਰੂਰੀ ਹੈ।)
- ਅੰਤਰ ਖੇਤਰੀ ਯੁਵਕ ਮੇਲੇ ਵਿੱਚ ਦੂਸਰੇ ਸਥਾਨ ਤੇ ਆਉਣ ਵਾਲੀ ਟੀਮ ਦੇ ਉਹ ਮੈਂਬਰ ਹਨ ਜਿੰਨ੍ਹਾ ਨੂੰ ਕਾਲਜ ਕਲਰ ਨਹੀਂ ਮਿਲਿਆ ।
- ਅੰਤਰ ਖੇਤਰੀ ਯੁਵਕ ਮੇਲੇ ਵਿੱਚ ਵਿਅਕਤੀਗਤ ਤੌਰ ਤੇ ਤੀਸਰੇ ਅਤੇ ਚੌਥੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ।
- ਐਨ ਸੀ ਸੀ ਦੀਆਂ ਗਤੀਵਿਧੀਆਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਕੈਡਿਟਾਂ ਨੂੰ ਮੈਰਿਟ ਸਰਟੀਫਿਕੇਟ ਪ੍ਰਦਾਨ ਕੀਤਾ ਜਾਂਦਾ ਹੈ।

## ਕਾਲਜ ਲਾਇਬਰੇਰੀ

ਕਾਲਜ ਦੀ ਲਾਇਬਰੇਰੀ ਕਾਲਜ ਦਾ ਇੱਕ ਪ੍ਰਮੁੱਖ ਅੰਗ ਹੈ। ਕਾਲਜ ਦੀ ਲਾਇਬਰੇਰੀ ਵਿੱਚ ਵੱਖ-ਵੱਖ ਵਿਸਿਆਂ ਨਾਲ ਸੰਬੰਧਤ 50,000 ਤੋਂ ਵੱਧ ਪੁਸਤਕਾਂ ਉਪਲੱਬਧ ਹਨ। ਲਾਇਬਰੇਰੀ ਵਿੱਚ ਵਿਦਿਆਰਥੀਆਂ ਲਈ ਰੀਡਿੰਗ ਰੂਮ ਦੀ ਸੁਵਿਧਾਂ ਵੀ ਉਪਲੱਬਧ ਹੈ। ਅਜੋਕੀਆਂ ਲੋੜਾਂ ਨੂੰ ਪੂਰਾ ਕਰਨ ਲਈ **e-Library** ਵੀ ਸਥਾਪਤ ਕੀਤੀ ਗਈ ਹੈ।

## ਲਾਇਬਰੇਰੀ ਨਿਯਮ

- ਹਰ ਵਿਦਿਆਰਥੀ ਨੂੰ ਇੱਕ ਲਾਇਬਰੇਰੀ ਕਾਰਡ ਦਿੱਤਾ ਜਾਂਦਾ ਹੈ। ਕਿਤਾਬ ਲੈਣ ਜਾਂ ਵਾਪਿਸ ਕਰਨ ਦਾ ਇੰਦਰਾਜ ਇਸ ਕਾਰਡ ਵਿਚ ਕੀਤਾ ਜਾਂਦਾ ਹੈ। ਕਿਤਾਬ ਇੰਦਰਾਜ ਕਰਵਾਉਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੈ। ਇਸ ਕਾਰਡ ਉਤੇ ਦਰਜ ਹੋਈਆਂ ਸਾਰੀਆਂ ਕਿਤਾਬਾਂ ਦਾ ਵਿਦਿਆਰਥੀ ਖੁਦ ਜ਼ਿੰਮੇਵਾਰ ਹੋਵੇਗਾ। ਜੇਕਰ ਕਾਰਡ ਗੁਆਚ ਜਾਂਦਾ ਹੈ ਤਾਂ ਲਾਇਬ੍ਰੇਰੀਅਨ ਨੂੰ ਤੁਰੰਤ ਸੂਚਿਤ ਕੀਤਾ ਜਾਵੇ ਤਾਂ ਕਿ ਕੋਈ ਹੋਰ ਇਸ ਕਾਰਡ ਦੀ ਦੁਰਵਰਤੋਂ ਨਾ ਕਰ ਸਕੇ।
- ਹਰ ਜਮਾਤ ਦੇ ਵਿਦਿਆਰਥੀ ਨੂੰ ਇੱਕ ਸਮੇਂ ਤੇ ਦੋ ਪੁਸਤਕਾਂ ਹੀ ਮਿਲ ਸਕਦੀਆਂ ਹਨ।
- ਜੇਕਰ ਵਿਦਿਆਰਥੀ ਕਾਲਜ ਲਾਇਬਰੇਰੀ ਦੀ ਕਿਤਾਬ ਗੁਆ ਦਿੰਦਾ ਹੈ ਜਾਂ ਖਰਾਬ ਕਰ ਦਿੰਦਾ ਹੈ ਤਾਂ ਉਸ ਨੂੰ ਕਿਤਾਬ ਦਾ ਵਰਤਮਾਨ ਮੁੱਲ ਭਰਨਾ ਪਵੇਗਾ। ਕਿਤਾਬ ਦੇ ਕਿਸੇ ਸੈਟ ਜਾਂ ਲੜੀ ਵਿੱਚੋਂ ਗੁਆਚੀ

ਜਾਂ ਖਰਾਬ ਕੀਤੀ ਕਿਤਾਬ ਦੀ ਥਾਂ ਸਮੁੱਚੇ ਸੈੱਟ ਜਾਂ ਲੜੀ ਦਾ ਮੁੱਲ ਭਰਨਾ ਪਵੇਗਾ। ਇਸ ਸੰਬੰਧੀ ਪ੍ਰਿੰਸੀਪਲ ਦਾ ਫੈਸਲਾ ਆਖਰੀ ਹੋਵੇਗਾ।

- ਲਾਇਬਰੇਰੀ ਦੇ ਖੁੱਲ੍ਹੇ ਰਹਿਣ ਦਾ ਸਮਾਂ ਉਹੀ ਹੋਵੇਗਾ ਜੋ ਕਾਲਜ ਖੁੱਲ੍ਹੇ ਰਹਿਣ ਦਾ ਸਮਾਂ ਹੁੰਦਾ ਹੈ।
- ਪੁਸਤਕਾਂ ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 2:00 ਵਜੇ ਤੱਕ ਦਿੱਤੀਆਂ ਜਾਂਦੀਆਂ ਹਨ। ਲਾਇਬਰੇਰੀ ਵਿੱਚੋਂ ਜਾਰੀ ਕਰਵਾਈ ਪੁਸਤਕ ਵੱਧ ਤੋਂ ਵੱਧ 14 ਦਿਨ ਲਈ ਰੱਖੀ ਜਾ ਸਕਦੀ ਹੈ। ਮਿਆਦ ਖ਼ਤਮ ਹੋਣ ਉਪਰੰਤ ਪੁਸਤਕ ਵਾਪਿਸ ਨਾ ਕੀਤੀ ਜਾਣ ਸੂਰਤ ਵਿੱਚ ਇੱਕ ਰੁਪਏ ਪ੍ਰਤੀ ਪੁਸਤਕ ਪ੍ਰਤੀ ਦਿਨ ਜ਼ੁਰਮਾਨਾ ਕੀਤਾ ਜਾਵੇਗਾ।
- ਲਾਇਬਰੇਰੀ ਵਿੱਚ ਚੁੱਪ ਦੀ ਮਰਿਯਾਦਾ ਕਾਇਮ ਰੱਖਣੀ ਜ਼ਰੂਰੀ ਹੈ। ਅਜਿਹਾ ਨਾ ਕਰਨ ਵਾਲੇ ਨੂੰ ਲਾਇਬਰੇਰੀਅਨ ਵੱਲੋ ਪ੍ਰਿੰਸੀਪਲ ਦੀ ਆਗਿਆ ਨਾਲ ਜੁਰਮਾਨਾ ਕੀਤਾ ਜਾਵੇਗਾ ਅਤੇ ਉਸ ਤੋਂ ਕੁੱਝ ਸਮੇਂ ਲਈ ਲਾਇਬਰੇਰੀ ਵਰਤਣ ਦਾ ਅਧਿਕਾਰ ਵਾਪਿਸ ਲੈ ਲਿਆ ਜਾਵੇਗਾ।
- ਵਿਦਿਆਰਥੀਆਂ ਵੱਲੋਂ ਇਮਤਿਹਾਨਾਂ ਦੇ ਰੋਲ ਨੰਬਰ ਲੈਣ ਸਮੇਂ ਲਾਇਬਰੇਰੀ ਦੀਆਂ ਪੁਸਤਕਾਂ ਵਾਪਿਸ ਕੀਤੀਆਂ ਜਾਣੀਆਂ ਲਾਜ਼ਮੀ ਹਨ।
- ਲਾਇਬਰੇਰੀ ਤੋਂ NOC ਲੈਣ ਵੇਲੇ ਲਾਇਬਰੇਰੀ ਸ਼ਨਾਖਤੀ ਕਾਰਡ ਰੱਦ ਕਰ ਦਿੱਤਾ ਜਾਂਦਾ ਹੈ। ਪਰ ਵਿਦਿਆਰਥੀ ਇਹ ਰੱਦ ਕੀਤਾ ਸ਼ਨਾਖਤੀ ਕਾਰਡ ਫੋਟੋ ਸਮੇਤ ਸੰਭਾਲਕੇ ਰੱਖਣਗੇ, ਕਿਉਂਕਿ ਇਹ ਕਾਰਡ ਨਾ ਹੋਣ ਦੀ ਸੂਰਤ ਵਿੱਚ ਕਾਲਜ ਮੈਗਜ਼ੀਨ, ਲਾਇਬਰੇਰੀ ਸਕਿਉਰਟੀ ਅਤੇ DMC ਅਤੇ ਆਚਰਣ ਸਰਟੀਫਿਕੇਟ ਨਹੀਂ ਦਿੱਤੇ ਜਾਣਗੇ।

## ਸ਼ਨਾਖਤੀ ਕਾਰਡ

- ਵਿਦਿਆਰਥੀ ਕਲਾਸਾਂ ਸ਼ੁਰੂ ਹੋਣ ਉਪਰੰਤ ਆਪਣਾ ਸ਼ਨਾਖਤੀ ਕਾਰਡ, ਲਾਇਬਰੇਰੀ ਵਿੱਚੋ ਂ ਪ੍ਰਾਪਤ ਕਰਨਾ ਯਕੀਨੀ ਬਣਾਉਣ ।
- ਸ਼ਨਾਖਤੀ ਕਾਰਡ ਹਰ ਰੋਜ਼ ਕਾਲਜ਼ ਲਿਆਉਣਾ ਅਤੇ ਮੰਗਣ ਤੇ ਦਿਖਾਉਣਾ ਜਰੂਰੀ ਹੈ।
- ਜੇਕਰ ਕੋਈ ਵੀ ਵਿਦਿਆਰਥੀ ਕਾਲਜ ਵਿੱਚ ਬਿਨਾਂ ਸ਼ਨਾਖਤੀ ਕਾਰਡ ਤੋਂ ਪਕੜਿਆ ਜਾਂਦਾ ਹੈ ਤਾਂ ਉਸ ਨੂੰ ਜੁਰਮਾਨਾ ਕੀਤਾ ਜਾਵੇਗਾ।
- ਸ਼ਨਾਖਤੀ ਕਾਰਡ ਗੁੰਮ ਹੋ ਜਾਣ ਤੇ ਨਵਾਂ ਕਾਰਡ ਸਧਾਰਨ ਹਾਲਤ ਵਿੱਚ ਨਹੀਂ ਦਿੱਤਾ ਜਾਵੇਗਾ। ਵਿਦਿਆਰਥੀ ਕਾਰਡ ਗੁੰਮ ਹੋਣ ਤੇ ਪੁਲਿਸ ਥਾਣੇ ਵਿੱਚ **FIR** ਦਰਜ ਕਰਵਾਉਣ ਉਪਰੰਤ ਅਰਜ਼ੀ ਦੇਕੇ

ਅਤੇ 100 ਰੁਪਏ ਫੀਸ ਭਰਕੇ ਲਾਇਬਰੇਰੀ ਵਿੱਚੋਂ ਡੁਪਲੀਕੇਟ ਸ਼ਨਾਖਤੀ ਕਾਰਡ ਲੈ ਸਕਦਾ ਹੈ, ਪਰ ਇਸ ਲਈ ਸਬੂਤ ਵਜੋਂ ਦਾਖਲਾ ਫੀਸ ਦੀ ਅਸਲ ਰਸੀਦ ਦਿਖਾਉਣੀ ਲਾਜ਼ਮੀ ਹੋਵੇਗੀ।

## ਕਾਲਜ ਮੈਗਜ਼ੀਨ

'**ਦ ਰਾਜਿੰਦਰਾ**' ਕਾਲਜ ਦਾ ਸਾਹਿਤਿਕ ਮੈਗਜ਼ੀਨ ਹੈ। ਇਸ ਰਾਹੀ ਵਿਦਿਆਰਥੀ ਅਤੇ ਅਧਿਆਪਕ ਆਪਣੀਆਂ ਸਾਹਿਤਿਕ ਰਚਨਾਵਾਂ ਪੇਸ਼ ਕਰਦੇ ਹਨ। ਇਸ ਵਿੱਚ ਪੰਜਾਬੀ, ਹਿੰਦੀ, ਸੰਸਕ੍ਰਿਤ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਰਚਨਾਵਾਂ ਛਪਦੀਆਂ ਹਨ। ਵਿਦਿਆਰਥੀ ਸੰਪਾਦਕਾਂ ਦੀ ਚੋਣ ਇਕ ਲਿਖਤੀ ਪ੍ਰੀਖਿਆ ਰਾਹੀਂ ਕੀਤੀ ਜਾਂਦੀ ਹੈ, ਜਿਸ ਦੀ ਸੂਚਨਾ ਨੋਟਿਸ ਬੋਰਡ ਅਤੇ ਕਾਲਜ ਵੈਂਬਸਾਈਟ ਉੱਪਰ ਦਿੱਤੀ ਜਾਂਦੀ ਹੈ।

## ਕਾਲਜ ਛੱਡਣ ਸੰਬੰਧੀ ਨਿਯਮ

ਕਾਲਜ ਛੱਡਣ ਵਾਲਾ ਵਿਦਿਆਰਥੀ ਕਾਲਜ ਪ੍ਰਿੰਸੀਪਲ, ਮਾਤਾ/ ਪਿਤਾ/ਸਰਪ੍ਰਸਤ ਦੇ ਹਸਤਾਖਰ ਕਰਵਾਕੇ ਲਿਖਤੀ ਅਰਜ਼ੀ ਦੇਵੇਗਾ। ਉਹ ਕਾਲਜ ਛੱਡਣ ਤੋਂ ਪਹਿਲਾਂ ਕਾਲਜ ਦੀ ਫੀਸ, ਲਾਇਬ੍ਰੇਰੀ ਦੀਆ ਕਿਤਾਬਾਂ ਦੀ ਵਾਪਸੀ ਅਤੇ ਹੋਰ ਸਾਰੇ ਹਿਸਾਬ ਚੁਕਤਾ ਕਰੇਗਾ। ਕਾਲਜ ਵੱਲੋਂ ਸਕਿਉਰਿਟੀ ਤੋਂ ਇਲਾਵਾ ਹੋਰ ਕੋਈ ਰਕਮ ਵਾਪਸ ਨਹੀਂ ਕੀਤੀ ਜਾਵੇਗੀ।

## ਰਾਜਿੰਦਰਾ ਓਲਡ ਸਟੂਡੈਂਟਸ ਸੁਸਾਇਟੀ

ਕਾਲਜ ਦੇ ਪੁਰਾਣੇ ਵਿਦਿਆਰਥੀਆਂ ਨਾਲ ਰਾਬਤਾ ਕਾਇਮ ਰੱਖਣ ਲਈ ਕਾਲਜ ਵਿੱਚ ਰਾਜਿੰਦਰਾ ਓਲਡ ਸਟੂਡੇਂਟਸ ਸੁਸਾਇਟੀ ਬਣੀ ਹੋਈ ਹੈ। ਇਹ ਸੁਸਾਇਟੀ 171/2004 ਨੰਬਰ ਅਧੀਨ ਰਜਿਸਟਰਡ ਹੈ। ਕਾਲਜ ਦਾ ਕੋਈ ਵੀ ਪੂਰਵ ਵਿਦਿਆਰਥੀ, ਕਰਮਚਾਰੀ, ਅਧਿਕਾਰੀ 500 ਰੁਪਏ ਮੈਂਬਰਸ਼ਿਪ ਫੀਸ ਅਦਾ ਕਰਕੇ ਅਤੇ ਲੋੜੀਂਦਾ ਮੈਂਬਰਸ਼ਿਪ ਫਾਰਮ ਭਰਕੇ ਇਸ ਦਾ ਲਾਈਫ ਮੈਂਬਰ ਬਣ ਸਕਦਾ ਹੈ। ਵਧੇਰੇ ਜਾਣਕਾਰੀ ਕਾਲਜ ਦੀ ਵੈਬਸਾਇਟ www.grcb.ac.in ਤੇ ਉਪਲੱਬਧ ਹੈ।

## ਬੱਸ/ਰੇਲਵੇ ਪਾਸ ਸਬੰਧੀ ਨਿਯਮ

- ਬੱਸ ਪਾਸ ਜਾਰੀ ਕਰਨ ਲਈ ਵਿਦਿਆਰਥੀਆਂ ਦੀਆਂ ਅਰਜ਼ੀਆਂ ਦੀ ਸਿਫਾਰਸ਼ ਹਰ ਮਹੀਨੇ ਦੀ 25 ਤਾਰੀਖ ਤੋਂ 30 ਤਾਰੀਖ ਤੱਕ ਹੀ ਕੀਤੀ ਜਾਂਦੀ ਹੈ ਅਤੇ ਪੀ. ਆਰ. ਟੀ. ਸੀ. ਵੱਲੋਂ ਇਹ ਪਾਸ ਅਗਲੇ ਮਹੀਨੇ ਦੀ 5 ਤੋਂ 7 ਤਾਰੀਖ ਤੱਕ ਜਾਰੀ ਕੀਤੇ ਜਾਂਦੇ ਹਨ। 7 ਤਾਰੀਖ ਤੋਂ ਬਾਅਦ ਕੋਈ ਵੀ ਪਾਸ ਜਾਰੀ ਨਹੀਂ ਕੀਤਾ ਜਾਵੇਗਾ।

- ਪਹਿਲਾ ਤੋਂ ਨਿਰਧਾਰਤ ਛੁੱਟੀਆਂ ਆਦਿ ਦੇ ਦਿਨਾਂ ਦੌਰਾਨ ਟੁੱਟਵੇਂ ਪਾਸ ਬਣਵਾਉਣ ਦੀ ਕੋਈ ਵੀ ਸਿਫਾਰਸ਼ ਨਹੀਂ ਕੀਤੀ ਜਾਵੇਗੀ ।
- ਬੱਸ ਪਾਸ ਦੀ ਸਿਫਾਰਸ਼ ਕੇਵਲ ਇੱਕ ਮਹੀਨਾ, ਦੋ ਮਹੀਨੇ ਅਤੇ ਤਿੰਨ ਮਹੀਨੇ ਲਈ ਹੀ ਕੀਤੀ ਜਾਂਦੀ ਹੈ।
- ਵਿਦਿਆਰਥੀ ਆਪਣਾ ਬੱਸ ਪਾਸ ਸਮੇਂ ਸਿਰ ਰਿਨਿਊ ਕਰਵਾਉਣਾ ਯਕੀਨੀ ਬਣਾਉਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਲੇਟ ਅਰਜੀ ਦੇਣ ਵਾਲੇ ਵਿਦਿਆਰਥੀ ਦੀ ਅਰਜੀ ਤੇ ਉਸਦੇ ਪਿਛਲੇ ਪਾਸ ਖਤਮ ਹੋਣ ਦੀ ਮਿਤੀ ਤੋਂ ਹੀ ਰਿਨਿਊ ਕਰਨ ਦੀ ਸਿਫਾਰਸ਼ ਕੀਤੀ ਜਾਵੇਗੀ।
- ਇਹ ਵਿਦਿਆਰਥੀ ਦੀ ਨਿਜੀ ਜਿੰਮੇਵਾਰੀ ਹੋਵੇਗੀ ਕਿ ਲੋੜ ਨਾ ਹੋਣ ਤੇ ਉਹ ਕਾਲਜ ਦੇ ਮੁਖੀ ਤੋਂ ਸਿਫਾਰਸ਼ ਕਰਵਾ ਕੇ ਬੱਸ ਪਾਸ ਪੀ.ਆਰ.ਟੀ.ਸੀ. ਦਫਤਰ ਵਿੱਚ ਜਮਾ ਕਰਵਾਉਣਾ ਯਕੀਨੀ ਬਣਾਵੇਂ । (ਹਵਾਲਾ: ਮਨੈਜਿੰਗ ਡਾਇਰੈਕਟਰ ਪੀ. ਆਰ. ਟੀ. ਸੀ. ਚੰਡੀਗੜ੍ਹ ਦਾ ਦਫਤਰ ਪੱਤਰ ਨੰਬਰ 687/ਪੀ. ਆਰ. ਟੀ. ਸੀ./ਬਜਟ ਮਿਤੀ 6–1–2009 ਜੋ ਕਿ ਡਾਇਰੈਕਟਰ (ਕਾਲਜਾ) ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਦਫਤਰ ਪਿੱਠਅੰਕਨ ਨੰਬਰ 22/32–94 ਕਾ. ਐਜੂ. (3)/288–639 ਮਿਤੀ 16–3–09 ਰਾਹੀਂ ਪ੍ਰਾਪਤ ਹੋਇਆ ਹੈ।)

ਨੋਟ ਬੱਸ/ਰੇਲਵੇਂ ਪਾਸ ਬਣਵਾਉਣ ਸੰਬੰਧੀ ਸੂਚਨਾ ਕਾਲਜ ਨੋਟਿਸ ਬੋਰਡ ਅਤੇ ਕਾਲਜ ਵੈਂਬਸਾਈਟ **www.grcb.ac.in** ਤੇ ਉਪਲੱਬਧ ਹੋਵੇਗੀ।

# ਕਾਲਜ ਵਿੱਚ ਉਪਲੱਬਧ ਸੁਵਿਧਾਵਾਂ

## ਓਪਨ ਏਅਰ ਥੀਏਟਰ

ਕਾਲਜ ਵਿੱਚ ਵੱਖ-ਵੱਖ ਸਮਾਗਮਾਂ ਲਈ ਲਗਭਗ 500 ਵਿਦਿਆਰਥੀਆਂ ਦੇ ਬੈਠਣ ਲਈ ਬਲਵੰਤ ਗਾਰਗੀ ਓਪਨ ਏਅਰ ਥੀਏਟਰ ਹੈ।

## ਆਡੀਟੋਰੀਅਮ

ਕਾਲਜ ਵਿੱਚ ਆਧੁਨਿਕ ਸੁਵਿਧਾਵਾਂ ਨਾਲ ਲੈਸ ਲਗਭਗ 400 ਵਿਦਿਆਰਥੀਆਂ ਦੇ ਬੈਠਣ ਲਈ ਆਡੀਟੋਰੀਅਮ ਮੌਜੂਦ ਹੈ ਜਿਥੇ ਹਰ ਤਰ੍ਹਾਂ ਦੇ ਸਮਾਗਮ ਕਰਵਾਏ ਜਾਂਦੇ ਹਨ।

## ਫਿਨਿਸ਼ਿੰਗ ਸਕੂਲ

ਕਾਲਜ ਵਿੱਚ ਰੂਸਾ ਅਧੀਨ ਚਲਾਏ ਜਾ ਰਹੇ ਫਿਨਿਸ਼ਿੰਗ ਸਕੂਲ ਵਿੱਚ ਵਿਦਿਆਰਥੀਆਂ ਦੇ ਸਾਫਟ ਅਤੇ ਹਾਰਡ ਸਕਿਲਜ਼ ਨੂੰ ਤਰਾਸ਼ਿਆ ਜਾਂਦਾ ਹੈ ਤਾਕਿ ਉਹ ਡਿਗਰੀ ਪੂਰੀ ਕਰਨ ਉਪਰੰਤ ਕੋਈ ਵੀ ਕਿੱਤਾ ਨਿਪੁਨਤਾ ਨਾਲ ਅਪਣਾ ਸਕਣ।

## ਕਰੀਅਰ ਗਾਈਡੈਂਸ ਸੈੱਲ ਅਤੇ ਪਲੇਸਮੇਂਟ ਸੈੱਲ

ਡਿਗਰੀ ਕਰਨ ਉਪਰੰਤ ਵਿਦਿਆਰਥੀਆਂ ਨੂੰ ਵੱਖ ਵੱਖ ਵਿਭਾਗਾਂ ਵਿਚ ਨੌਕਰੀਆਂ ਦੇ ਪ੍ਰਤੀ ਸੁਚੇਤ ਕਰਨ ਲਈ ਅਤੇ ਮੌਕੇ ਪ੍ਰਦਾਨ ਕਰਨ ਲਈ ਕਾਲਜ ਵਿਚ ਕਰਿਅਰ ਗਾਈਡੈਂਸ ਅਤੇ ਪਲੇਸਮੇਂਟ ਸੈੱਲ ਦੀ ਸਥਾਪਨਾ ਕੀਤੀ ਗਈ ਹੈ।

## ਜਿਮਨੇਜ਼ੀਅਮ

ਵਿਦਿਆਰਥੀਆਂ ਦੀ ਸ਼ਰੀਰਕ ਅਤੇ ਮਾਨਸਿਕ ਫਿੱਟਨੈੱਸ ਨੂੰ ਕਾਇਮ ਰੱਖਣ ਲਈ ਕਾਲਜ ਵਿਚ ਅਤਿ ਆਧੁਨਿਕ ਇਨਡੋਰ ਅਤੇ ਆਉਟਡੋਰ ਜਿਮਨੇਜ਼ੀਅਮ ਉਪਲੱਬਧ ਹੈ।

## ਕਾਲਜ ਕੰਟੀਨ

ਕਾਲਜ ਵਿੱਚ ਲੜਕੇ ਅਤੇ ਲੜਕੀਆਂ ਲਈ ਵੱਖ-ਵੱਖ ਸਾਫ ਸੁਥਰੀਆਂ ਕੰਟੀਨਾਂ ਦਾ ਪ੍ਰਬੰਧ ਹੈ ਜਿੱਥੇ ਹਰ ਤਰ੍ਹਾਂ ਦੀ ਰਿਫਰੈਸ਼ਮੈਂਟ ਦਾ ਉਪਲੱਬਧ ਕਰਵਾਈ ਜਾਂਦੀ ਹੈ।

Every effort has been made to provide accurate information in the Prospectus. The Principal is not liable for any legal issue or responsible for any error at any stage of printing and compilation.

This Prostpectus is subject to change by Punjabi University, Patiala or Governement of Punjab or Government of India or College Authorities from time to time.

Principal